**Abstract (Engliosh)**

**Reading '*Dari*' as a Cultural Text of Punjab**

**ਪੰਜਾਬੀ ਸੱਭਿਆਚਾਰ ਦੇ ਸੰਦਰਭ ਵਿਚ 'ਦਰੀ' : ਇੱਕ ਪਾਠ**

**Dr. Jagdish Kaur***

**(Associate**) IInd spell (October, 2021.)

**Key words** : Text, *Dari,* folk art, cultural product, material and non material culture, patterns, tradition, motifs, catharsis, *adda, charkha,* sign, handicrafts, weaving, locality, deconstruction, folklore, myths, regional studies.

Every culture is the product of the interaction between its' material and non-material aspects. As a part of the weaving industry of Punjab, *'Dari'* enjoys a special status among the women weavers. Along with being expert homemakers and agriculture workers, women of Punjab are also excellent artists. They are also adept at expressing their feelings through the colours and contours of the weaving thread. While making useful products by exploring the art of spinning, weaving, embroidery, mud wall paintings; these women showcase their talent in varied forms.

The traditional handicrafts woven by Punjabi women find acceptance and name all over the world. In this research paper, I have attempted to take *'Dari'* woven by Punjabi women as the primary text and tried to comprehend its place and value within the context of Punjabi culture. *'Dari'* is an ingenious part of folk textile traditions and an integral part of Punjabi duvet. The cotton thread used to make duvet is spun on the spinning wheel (*charkha)*. It According to Irfan Habib (the writer of Agrarian System of Mughal India (1556-1707), the spinning wheel reached India through Iran in the 13$^{th}$ Century. In the same vein, it can be said that the tradition of weaving duvets goes back much in time. The art of weaving finds its mention even in the *sufi*, *gurmat* , *kissa* and folk literature of the medieval century. In the long, cold wintery nights, the women and young girls in Punjab sit together to to spin and embroidery. It"s called *'Trinjhan'*. In the hot, summery days they weave *dari* (bedspreads). The *Adda* of *Dari* also acts as training centres for young girls, where they not only learn a new trait but also develop comradeship amongst each other. These centres provide them with a safe place for the catharsis of their emotions in folkloric way. The

elderly use this art of handicraft to connect with the younger generation, thus ensuring the smooth transmission of their legacy. The art of weaving 'Dari' brings forth the social, cultural, psychological and aesthetic elements of the Punjabi women.

This paper is an effort to study *dari* as an integral text of Punjabi culture which includes an examination of its structure, patterns and motifs. It also highlights the themes of evils of Punjabi society i.e. oppression on the basis of gender, power, dynamics, economic differences and diasporic alienation in the symbolism of *dari*. The pain and angst of Punjabi women find an expression in Punjabi folk songs, folk tales and stories. A similar expression is found in the motifs, designs and weaves of the traditional '*Dari*'. It is an expression of the folk mind and thought. Since culture is a constantly evolving phenomenon, time permitted new changes in arts like handicrafts are also inevitable and natural. This text not only reads the changing scenario of the present time but also tries to see its future and possibilities.

Full Paper

# ਪੰਜਾਬੀ ਸੱਭਿਆਚਾਰ ਦੇ ਸੰਦਰਭ ਵਿਚ 'ਦਰੀ' : ਇੱਕ ਪਾਠ
# Reading '*Dari*' as a Cultural Text of Punjab

Key words :

Punjabi woman , aesthetics, *phulkari*, field work Text, *Dari*, folk art, cultural product, material and non material culture, patterns, tradition, motifs, catharsis, *adda*, *charkha*, sign, handicrafts, weaving, locality, deconstruction, folklore, myths, regional studies

## 1. ਵਿਸ਼ੇ ਦੀ ਚੋਣ ਕਰਨ ਪਿੱਛੇ ਪਈ ਕਹਾਣੀ (A story behind this project)

ਪੰਜਾਬੀ ਸਭਿਆਚਾਰ ਦੀ ਖੋਜਾਰਥਣ ਹੋਣ ਨਾਤੇ ਲੋਕ-ਕਹਾਣੀਆਂ ਅਤੇ ਅਖਾਣਾਂ ਲਈ ਖੇਤਰੀ ਕਾਰਜ ਕਰਦਿਆਂ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਕਿ ਉਹ ਸਰੋਤ ਮੁੱਕਦੇ ਜਾ ਰਹੇ ਹਨ ਜਿਹੜੇ ਪੰਜਾਬੀ ਸਭਿਆਚਾਰਕ ਵਿਰਾਸਤ ਨੂੰ ਸੰਭਾਲੀ ਬੈਠੇ ਹਨ। ਇਸੇ ਦੌਰਾਨ ਇੱਕ ਗੁਰੂਦਆਰੇ ਵਿਚ ਪੈਰ ਧੋਣ ਮਗਰੋਂ ਪੈਰ ਸੁਕਾਉਣ ਲਈ ਭਿੱਜੀਆਂ ਦਰੀਆਂ ਦੇਖੀਆਂ ਜੋ ਜ਼ਰੂਰ ਹੀ ਕੋਈ ਸ਼ਰਧਾਲੂ ਉਥੇ ਭੇਟਾ ਕਰ ਗਿਆ ਹੋਵੇਗਾ। ਬਿਨਾਂ ਸ਼ੱਕ ਹੁਣ ਇਹਨਾਂ ਦੀ ਲੋੜ ਵੀ ਘਰਾਂ ਵਿਚ ਓਨੀ ਨਹੀਂ ਰਹੀ। ਇਨ੍ਹਾਂ ਦੇ ਨਮੂਨੇ ਬਹੁਤ ਸੁਹਣੇ ਸਨ। ਸੋਚਿਆ ਸਾਡਾ ਇਹ ਅਮੀਰ ਵਿਰਸਾ ਮੁੱਕਦਾ ਜਾ ਰਿਹਾ ਹੈ, ਕੌਫੀ ਟੇਬਲ ਬੁੱਕ ਦੇ ਰੂਪ ਵਿਚ ਕੋਈ ਸੌ ਕੁ ਨਮੂਨੇ ਤਾਂ ਸੰਭਾਲ ਲਈਏ। ਨਮੂਨਿਆਂ ਦੀ ਤਲਾਸ਼ ਦੌਰਾਨ ਇੱਕ ਔਰਤ ਬਲਬੀਰ ਕੌਰ ਦੀ ਦੱਸ ਪਈ। ਅਥਾਹ ਖਜ਼ਾਨਾ ਸੀ ਉਸ ਕੋਲ। ਦਰੀਆਂ ਦੇ ਕਿੰਨੇ ਹੀ ਨਮੂਨੇ ਉਸ ਸਾਡੇ ਸਾਹਮਣੇ ਲਿਆ ਧਰੇ । ਜਦੋਂ ਫੋਟੋਗ੍ਰਾਫਰ ਫੋਟੋਆਂ ਲੈ ਰਿਹਾ ਸੀ ਤਾਂ ਗੱਲਬਾਤ ਦੌਰਾਨ ਉਸ ਨੇ ਦੱਸਿਆ ਕਿ ;

ਛੋਟੀ ਹੁੰਦੀ ਦੀ ਮਾਂ ਮਰ ਗਈ ਸੀ। ਪੇਕੇ ਬਹੁਤ ਦੁਖ ਕੱਟੇ। ਪਿਉ ਨੇ ਛੇਤੀ, ਛੋਟੀ ਉਮਰੇ ਵਿਆਹ ਕੇ ਤੋਰ ਦਿੱਤਾ। ਅੱਗੇ ਘਰਵਾਲਾ ਕੁੱਟਦਾ ਬਹੁਤ ਸੀ। ਮੈਂ ਸਾਰਾ ਦਿਨ ਰੋਂਦੀ ਰਹਿੰਦੀ। ਮੈਨੂੰ ਕਤਾਈ-ਕਢਾਈ-ਬੁਣਾਈ ਦਾ ਸ਼ੌਕ ਬਹੁਤ ਸੀ। ਹੌਲੀ-ਹੌਲੀ ਆਪਣਾ ਮਨ ਦਰੀਆਂ ਬੁਣਨ ਵੱਲ ਲਾ ਲਿਆ। ਕਦੇ ਦਰੀ ਲਾ ਲੈਂਦੀ ਕਦੇ ਕਰੋਸ਼ੀਆ ਬੁਣ ਲੈਂਦੀ। ਘਰ ਵਾਲੇ ਤੋਂ ਮੇਰੀ ਇਹ ਖੁਸ਼ੀ ਵੀ ਨਾ ਜਰੀ ਜਾਂਦੀ। ਮੈਨੂੰ ਤੰਗ ਕਰਨ ਦਾ ਉਹ ਹਰ ਹੀਲਾ ਵਰਤਦਾ। ਉਹ ਗੋਹੇ ਨਾਲ ਪੈਰ ਲਬੇੜ ਕੇ ਦਰੀ ਉਪਰ ਚੜ੍ਹ ਜਾਂਦਾ। ਕਦੇ ਦਾਗ ਪੈ ਜਾਂਦੇ ਕਦੇ ਤਾਣਾ ਟੁੱਟ ਜਾਂਦਾ। ਪਰ ਜਿਸ ਦਿਨ ਦਰੀ ਉਤਰਦੀ , ਪੂਰੇ ਹੋਣ ਦੀ ਖੁਸ਼ੀ ਵਿਚ ਮੈਂ ਕਈ ਕਈ ਦਿਨ ਉੱਡੀ ਫਿਰਦੀ। ਇੱਕ ਨਸ਼ਾ ਇੱਕ ਸਰੂਰ ਜਿਹਾ ਛਾਇਆ ਰਹਿੰਦਾ ਕਈ ਕਈ ਦਿਨ। "

ਮਾੜੇ ਅਤੇ ਔਖੇ ਹਾਲਾਤ ਵਿਚ ਵੀ ਕਲਾ ਤੁਹਾਨੂੰ ਕਿਵੇਂ ਜਿਉਂਦਾ ਰਖਦੀ ਹੈ, ਇਸਦੀ ਉਹ ਕਿੰਨੀ ਖੂਬਸੂਰਤ ਅਤੇ ਪ੍ਰਤੱਖ ਉਦਾਹਰਨ ਸੀ। ਇਹ ਗੱਲ ਵੀ ਸਮਝ ਵਿਚ ਆ ਗਈ ਕਿ ਇਹ ਕੇਵਲ ਦਰੀਆਂ ਦੇ ਸੁੰਦਰ ਨਮੂਨੇ ਨਹੀਂ, ਘਰੇਲੂ ਲੋੜ ਦੀਆਂ ਵਸਤਾਂ ਨਹੀਂ ਬਲਕਿ ਔਰਤਾਂ ਦੇ ਜਿਉਂਦੇ ਰਹਿਣ ਦਾ ਰਾਹ ਵੀ ਨੇ। ਇਸੇ ਕਾਰਨ ਸਦਕਾ ਇਸ ਖੋਜ-ਪੱਤਰ ਵਿਚ ਪੰਜਾਬ ਦੀ ਦਸਤਕਾਰੀ ਖਾਸ ਕਰ ਦਰੀ ਨਾਲ ਸਭਿਆਚਾਰਕ ਧਰਾਤਲ ਤੇ ਜੁੜੇ ਅਨੇਕਾਂ ਪਾਸਾਰਾਂ ਨੂੰ ਦੇਖਣ ਦਾ ਯਤਨ ਕੀਤਾ ਹੈ। ਜ਼ਿਕਰਯੋਗ ਹੈ ਪੰਜਾਬ ਦੀ ਘਰੇਲੂ ਦਸਤਕਾਰੀ ਵਿਚ ਔਰਤਾਂ ਦਾ ਵੱਡਾ ਯੋਗਦਾਨ ਰਿਹਾ ਹੈ।

ਇਸ ਨੂੰ ਸਮਝਣ ਲਈ ਸਾਨੂੰ ਪਹਿਲਾਂ ਕਿਸੇ ਸਭਿਆਚਾਰ ਦੀ ਬਣਤਰ, ਉਸ ਦੇ ਲੱਛਣ ਅਤੇ ਉਸ ਸੰਬੰਧੀ ਅਧਿਐਨ ਦੀਆਂ ਵਿਗਿਆਨਿਕ ਵਿਧੀਆਂ ਬਾਰੇ ਸੰਖੇਪ ਜਿਹੀ ਗੱਲ ਕਰ ਲੈਣੀ ਚਾਹੀਦੀ ਹੈ।

ਸਭਿਆਚਾਰ ਬਾਰੇ Edward. B. Tylor ਦੀ ਪਰਿਭਾਸ਼ਾ ਸਭ ਤੋਂ ਵੱਧ ਧਿਆਨ ਖਿਚਦੀ ਹੈ। ਉਹ ਲਿਖਦਾ ਹੈ ਕਿ :

culture is "**that complex whole which includes knowledge, belief, art, morals, law, customs, and any other capabilities and habits acquired by man as a member of society.**"

ਇਉਂ ਸੱਭਿਆਚਾਰ ਇੱਕ ਗੁੰਝਲਦਾਰ ਪਰ ਸਹਿਜ ਵਰਤਾਰਾ ਹੈ ਜਿਸ ਨੂੰ ਮਨੁੱਖ ਸਮਾਜ ਦੇ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ। ਇਸ ਵਿਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਤੌਰ ਤਰੀਕੇ, ਹੁਨਰ ਸਭ ਸ਼ਾਮਿਲ ਹੁੰਦੇ ਹਨ। ਪ੍ਰੋ ਗੁਰਬਖ਼ਸ਼ ਸਿੰਘ ਫਰੈਂਕ ਇਸ ਨੂੰ ਹੋਰ ਸਪੱਸ਼ਟ ਕਰਦੇ ਲਿਖਦੇ ਹਨ,

**"ਸਭਿਆਚਾਰ ਇੱਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿੱਚ ਕਿਸੇ ਮਨੁੱਖੀ ਸਮਾਜ ਦੇ ਨਿਸਚਿਤ ਇਤਿਹਾਸਕ ਪੜ੍ਹਾਅ ਉਤੇ ਪ੍ਰਚਲਤ ਕਦਰਾਂ-ਕੀਮਤਾਂ ਅਤੇ ਉਹਨਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਲ ਹੁੰਦੇ ਹਨ।"**

ਇਸ ਦੀਆਂ ਕੁਝ ਮੁਖ ਵਿਸ਼ੇਸ਼ਤਾਵਾਂ ਇਹ ਹਨ ਕਿ ਇਹ ਮਿਲਵਰਤਣ ਨਾਲ ਸਿੱਖਿਆ ਜਾਂਦਾ ਹੈ, ਇਸ ਨੂੰ ਇੱਕ ਪੀੜ੍ਹੀ ਆਪਣੀ ਅਗਲੀ ਪੀੜ੍ਹੀ ਤੱਕ ਪ੍ਰਵਾਹਿਤ ਕਰਦੀ ਹੈ, ਅਤੇ ਇਹ ਗਤੀਸ਼ੀਲ ਹੁੰਦਾ ਜੋ ਸਮੇਂ ਦੇ ਨਾਲ-ਨਾਲ ਇਹ ਬਦਲਦਾ ਰਹਿੰਦਾ ਹੈ। ਪ੍ਰਤੀਕਾਤਮਕਤਾ ਇਸਦੀ ਖਾਸੀਅਤ ਹੁੰਦੀ ਹੈ ਇਹ ਪੀੜ੍ਹੀ ਦਰ ਪੀੜ੍ਹੀ ਆਪਣੇ ਆਪ ਨੂੰ ਪ੍ਰਤੀਕਾਂ ਰਾਹੀਂ ਸੰਚਾਰਿਤ ਕਰਦਾ ਰਹਿੰਦਾ ਹੈ। ਹਰ ਸਭਿਆਚਾਰ ਕਈ ਪੱਧਰਾਂ ਤੇ ਕਾਰਜਸ਼ੀਲ ਰਹਿੰਦਾ ਹੈ। ਇਸ ਨੂੰ ਮੁਖ ਧਾਰਾ ਦਾ ਸੱਭਿਆਚਾਰ ਅਤੇ ਉਪ- ਸੱਭਿਆਚਾਰ (Mainstream culture and sub culture) ਵਜੋਂ ਦੇਖਿਆ ਜਾ ਸਕਦਾ ਹੈ।

ਮੋਟੇ ਰੂਪ ਵਿਚ ਸੱਭਿਆਚਾਰ ਦੇ ਦੋ ਮੁੱਖ ਅੰਗ ਮੰਨੇ ਜਾਂਦੇ ਹਨ :

ਪਦਾਰਥਕ (Material) ਅਤੇ ਗ਼ੈਰ-ਪਦਾਰਥਕ (Non material) ਸਭਿਆਚਾਰ।

ਗ਼ੈਰ-ਪਦਾਰਥਕ ਸਭਿਆਚਾਰ ਨੂੰ ਅੱਗੋਂ ਦੋ ਹਿੱਸਿਆਂ ਵਿਚ ਦੇਖਿਆ ਜਾ ਸਕਦਾ ਹੈ : ਪ੍ਰਤਿਮਾਨਕ ਅਤੇ ਬੋਧਾਤਮਿਕ ਸਭਿਆਚਾਰ।

ਪਦਾਰਥਕ ਸਭਿਆਚਾਰ ਵਿਚ ਮਨੁੱਖ ਦੁਆਰਾ ਵਿਉਂਤੇ ਅਤੇ ਸਿਰਜੇ ਉਹ ਸਭ ਥਾਵਾਂ, ਵਸਤਾਂ, ਸਰੋਤ ਅਤੇ ਸੰਦ ਆਦਿ ਆ ਜਾਂਦੇ ਹਨ ਜੋ ਉਸਦੇ ਸਭਿਆਚਾਰ ਨੂੰ ਇੱਕ ਵਿਲੱਖਣ ਸਭਿਆਚਾਰ ਵਜੋਂ ਦਰਸਾਉਂਦੇ ਹਨ।

ਹਰ ਸਭਿਆਚਾਰ, ਪਦਾਰਥਕ ਅਤੇ ਅਪਦਾਰਥਕ ਪੱਖਾਂ ਦੇ ਅੰਤਰਸੰਬੰਧਾਂ ਸਦਕਾ ਹੀ ਹੋਂਦ ਗ੍ਰਹਿਣ ਕਰਦਾ ਹੈ।

## 2. Cultural study and Cultural Text

ਸਭਿਆਚਾਰਕ ਅਧਿਐਨ ਦੀ ਆਪਣੀ ਪਰੰਪਰਾ ਹੈ ਜਿਸ ਵਿਚ Roland Barthes, Walter Benjamin, Susan Bordo, Frantz Fanon, Michel Foucault, Paul Gilroy, Stuart Hall, Edward W. Said, Raymond Williams, Antonio Gramsci, Judith Halberstam, Donna Haraway and Slavoj Zizek ਵਰਗੇ ਚਿੰਤਕਾਂ ਦਾ ਵਿਸ਼ੇਸ਼ ਯੋਗਦਾਨ ਹੈ। Lawrence Grossberg ਨੂੰ cultural studies ਦੇ ਖੇਤਰ ਵਿਚ ਅੰਤਰਰਾਸ਼ਟਰੀ ਪੱਧਰ 'ਤੇ ਮੁਖ ਚਿੰਤਕਾਂ ਵਿਚ ਗਿਣਿਆ ਜਾਂਦਾ ਹੈ।

ਵਿਕੀਪੀਡੀਆ ਅਨੁਸਾਰ

Cultural Studies is a field of academic inquiry that developed in Great Britain in the 1960s-80s and has been taken up and transformed by various academic movements in various ways since the 1980s. This kind of cultural studies was popular in Britain in the 1960s-80s and was sometimes called "cultural materialism'


ਇਹ ਸੰਸਾਰ ਟੈਕਸਟਾਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਨੂੰ ਸਾਹਿਤਕ ਕਿਰਤਾਂ ਵਾਂਗ ਹੀ ਅਧਿਐਨ ਅਧੀਨ ਲਿਆਂਦਾ ਜਾ ਸਕਦਾ ਹੈ । ਇਸ ਬਾਰੇ ਟਿੱਪਣੀ ਕਰਦੇ Jeffrey R. Wilson ਲਿਖਦੇ ਹਨ ;

"cultural studies originates in the idea of textuality - that is, in the idea that our world is full of texts, or things that we humans have created, and that we can interpret those "cultural texts" in the same way that we interpret " literary texts" more traditionally understood. If a

literary text is the product of an individual author, a cultural text is the product of an entire society, or at least a sub-culture within a society.”

ਇਹ ਅਧਿਐਨ ਉਹਨਾਂ ਸਾਰੀਆਂ ਸ਼ਕਤੀਆਂ ਨੂੰ ਅਧਿਐਨ ਅਧੀਨ ਲਿਆਉਂਦਾ ਹੈ ਜਿਨਾਂ ਸਦਕਾ ਸਮੁੱਚੀ ਲੋਕਾਈ ਆਪਣੀ ਰੋਜ਼ਾਨਾ ਜ਼ਿੰਦਗੀ ਨੂੰ ਸਿਰਜਦੀ ਹੈ। ਇਹ ਸਭਿਆਚਾਰਕ ਉਤਪਾਦਨ ਦੇ ਸੰਦਰਭ ਵਿਚ ਉਸਦੇ ਸੁਹਜਾਤਮਕ, ਮਾਨਵਵਿਗਿਆਨਕ ਅਤੇ ਸਮਾਜਿਕ-ਰਾਜਨੀਤਿਕ ਪੱਖਾਂ ਵਿਚਕਾਰ ਸੰਬੰਧਾਂ ਨੂੰ ਵੀ ਤਲਾਸ਼ਦੀ ਹੈ। ਇਸੇ ਲਈ, Cultural studies is explicitly interdisciplinary, employing the methods of both the humanities and the social sciences, and drawing upon materials and theories from disciplines such as literary studies, sociology, psychology, history, economics, and politics.

ਮਨੁੱਖ ਆਰੰਭ ਤੋਂ ਹੀ ਕੁਦਰਤ ਨਾਲ ਸੰਘਰਸ਼ੀਲ ਰਿਹਾ ਹੈ। ਇਸ ਨੂੰ ਵਰਤ ਕੇ ਇਸਦੇ ਵਿਰੋਧ ਜਾਂ ਇਸਦੇ ਸਮਾਨਾਂਤਰ ਆਪਣਾ ਵਰਤਾਰਾ ਸਿਰਜਦਾ ਰਿਹਾ ਹੈ। ਉਸ ਦੁਆਰਾ ਘੜੇ ਸਭਿਆਚਾਰ ਨੂੰ ਅਕਾਦਮਿਕ ਖੇਤਰ ਵਿਚ ਸਮਝਣ ਦੀ ਇੱਕ ਲੰਮੀ ਪਰੰਪਰਾ ਰਹੀ ਹੈ। ਜਿਸ ਲਈ ਅਨੇਕਾਂ ਵਿਧੀਆਂ ਹੋਂਦ ਵਿਚ ਆਈਆਂ। ਪਰ ਅਜੋਕੇ ਦੌਰ ਵਿਚ ਵਿਧੀਆਂ ਦੇ ਇਸ ਬਹੁਲਤਾ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਕਿਸੇ ਸਭਿਆਚਾਰਕ ਟੈਕਸਟ ਨੂੰ ਸਮਝਣ ਲਈ ਕੋਈ ਇੱਕ ਵਿਧੀ ਹੀ ਕਾਫੀ ਨਹੀਂ ਹੁੰਦੀ। ਹਰ ਕਿਸੇ ਦੀ ਆਪਣੀ ਵਿਸ਼ੇਸ਼ਤਾ ਹੈ ਅਤੇ ਆਪਣੀ ਸੀਮਾ ਵੀ। ਜਦੋਂ ਅਸੀਂ ਇੱਕ ਟੈਕਸਟ ਦੀ ਪੜ੍ਹਤ ਤਿਆਰ ਕਰਦੇ ਹਾਂ ਤਾਂ ਸਮਝ ਆਉਂਦਾ ਹੈ ਕਿ ਉਸ ਵਿਚ ਇਤਿਹਾਸ ਦੀ, ਮਿਥਿਹਾਸ ਦੀ, ਸਮਾਜ ਦੀ, ਧਰਮ ਦੀ , ਵਿਗਿਆਨ ਦੀ, ਅਨੇਕਾਂ ਹੀ ਹੋਰ ਟੈਕਸਟ ਪਈਆਂ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਦਰੀ ਵਰਗੀ ਕਿਸੇ ਜਟਿਲ ਸਭਿਆਚਾਰਕ ਟੈਕਸ ਦਾ ਪਾਠ ਤਿਆਰ ਕਰਨ ਲਈ ਸਾਨੂੰ ਅੰਤਰ-ਅਨੁਸ਼ਾਸਨੀ ਪਹੁੰਚ ਹੀ ਅਪਨਾਉਣੀ ਪਵੇਗੀ। ਜਿਸ ਲਈ Linguistics , Cultural studies , Regional studies, Geography , Economics, Anthropology, Sociology, Psychology , Feminism, Structuralism , Deconstruction ਵਰਗੇ ਅਨੁਸਾਸ਼ਨਾਂ/ਵਿਧੀਆਂ ਤੋਂ ਅੰਤਰ-ਦ੍ਰਿਸ਼ਟੀਆਂ ਲੈ ਕੇ ਤੁਰਨਾ ਪਵੇਗਾ। ਅੱਜਕੱਲ੍ਹ ਖੇਤਰੀ ਅਧਿਐਨ ਫੋਕਸ ਵਿਚ ਹੈ। ਇਲਾਕੇ ਦੀ ਸਥਾਨਕਤਾ ਅਤੇ ਉਪ-ਸਥਾਨਕਤਾ ਦੇ ਨਾਲ-ਨਾਲ ਉਸ ਦੇ ਖੇਤਰ , ਉਸਦੇ ਲੋਕਾਂ, ਵਿਰਾਸਤ ਅਤੇ ਜੀਵਨ-ਜਾਚ ਇਸ ਦੇ ਅਧਿਐਨ ਵਿਚ ਸ਼ਾਮਿਲ ਰਹਿੰਦੇ ਹਨ।



3. **ਸਭਿਆਚਾਰਕ ਟੈਕਸਟ ਕੀ ਹੈ? (What is a Cultural Text?)**

Cultural texts are those objects, actions, and behaviours that reveal cultural meanings. It can highlight individual local heroes, or provide a window into the lives of ordinary local people in times gone by.

ਪੰਜਾਬੀ ਸੱਭਿਆਚਾਰ ਵਿਚ ਦਰੀ ਰੋਜ਼ਾਨਾ ਵਰਤੋਂ ਦੀ ਇੱਕ ਵਸਤ ਹੈ ਪਰ ਆਪਣੇ ਆਪ ਵਿਚ ਵਿਰਾਸਤ ਸੰਭਾਲੀ ਬੈਠੀਂ ਅਜਿਹੀ ਸੱਭਿਆਚਾਰਕ ਟੈਕਸਟ ਵੀ ਹੈ ਜੋ ਇੱਕ ਵਸਤ ਹੋਣ ਤੋਂ ਅਗਾਂਹ ਵੀ ਬਹੁਤ ਵੱਡੀ ਸਭਿਆਚਾਰਕ ਜਾਣਕਾਰੀ ਸਮੋਈ ਬੈਠੀ ਹੈ।

4. **ਦਰੀ – ਜਾਣ-ਪਛਾਣ ਅਤੇ ਇਸ ਦੀ ਵਰਤੋਂ**

**(Dari – an introduction and its Usages)**

ਵਿਰਾਸਤ ਦੀ ਇੱਕ ਵਸਤ ਵਜੋਂ ਦਰੀ ਨੂੰ ਅਸੀਂ ਪਦਾਰਥਕ ਸਭਿਆਚਾਰ (non material culture) ਦੇ ਅੰਤਰਗਤ ਰੱਖ ਸਕਦੇ ਹਾਂ ਹਾਲਾਂ ਕਿ ਅਸੀਂ ਇਹ ਵੀ ਸਮਝਦੇ ਹਾਂ ਕਿ ਕੋਈ ਵੀ ਪਦਾਰਥਕ ਸੱਭਿਆਚਾਰ ਆਪਣੇ ਬੋਧਾਤਮਕ ਅਤੇ ਪ੍ਰਤਿਮਾਨਕ ਸੱਭਿਆਚਾਰ ਦੇ ਸੰਦਰਭ ਵਿਚ ਹੀ ਅਰਥ ਗ੍ਰਹਿਣ ਕਰਦਾ ਹੈ। ਦਰੀ ਪੰਜਾਬ ਦੇ ਘਰਾਂ ਵਿਚ ਗਰਮੀਆਂ ਦੇ ਬਿਸਤਰੇ ਦਾ ਅਹਿਮ ਹਿੱਸਾ ਹੁੰਦੀ ਸੀ। ਘਰਾਂ ਵਿਚ ਗਰਮੀਆਂ ਦੇ ਬਿਸਤਰੇ ਵਿਚ ਵਰਤਣ ਦੇ ਨਾਲ-ਨਾਲ ਕੁੜੀ ਦੇ ਦਾਜ-ਦਹੇਜ ਵਿਚ ਦੇਣ ਲਈ ਵੀ ਵਰਤਿਆ ਜਾਂਦਾ ਸੀ। । ਘਰਾਂ ਵਿਚ ਖੁਸ਼ੀ-ਗ਼ਮੀ ਮੌਕੇ ਵੀ ਹੇਠਾਂ ਬੈਠਣ ਲਈ ਦਰੀਆਂ ਵਿਛਾਈਆਂ ਜਾਂਦੀਆਂ ਸਨ। ਬਰਾਤ ਨੂੰ ਰੋਟੀ ਖਵਾਉਣ ਲਈ ਕੋਰੇ ਵਰਤੇ ਜਾਂਦੇ ਸਨ ਜੋ ਦਰੀ ਦੀ ਹੀ ਇੱਕ ਕਿਸਮ ਹਨ। ਪੁਰਾਣੇ ਜ਼ਮਾਨੇ ਵਿਚ ਦੁਕਾਨਦਾਰ/ਸ਼ਾਹੂਕਾਰ ਵੀ ਆਪਣੇ ਬੈਠਣ ਲਈ ਆਸਣ ਥੱਲੇ ਵੀ ਵਿਛਾ ਲੈਂਦੇ ਸਨ। ਅੱਜ-ਕੱਲ੍ਹ ਲੋਕ ਸਜਾਵਟ ਵਜੋਂ ਆਪਣੇ ਡਰਾਇੰਗ ਰੂਮ ਵਿਚ ਵੀ ਵਿਛਾ ਲੈਂਦੇ ਹਨ। ਮੰਦਰ, ਗੁਰੂਦੁਆਰਿਆਂ ਵਿਚ ਵੀ ਬੈਠਣ ਲਈ ਵਿਛਾਈ ਦਿਸਦੀ ਹੈ।

5. **ਸੰਦਰਭ (Context)**

ਵੀਹਵੀਂ ਸਦੀ ਅਤੇ ਇਸ ਦੇ ਪਹਿਲਾਂ ਦੇ ਪੰਜਾਬ ‘ਤੇ ਜੇ ਝਾਤੀ ਮਾਰੀਏ ਤਾਂ ਜਿਹੜੀ ਝਾਕੀ ਉਭਰਦੀ ਹੈ ਉਸ ਵਿਚ ਦਰੀ ਗਰਮੀ ਦੇ ਬਿਸਤਰੇ ਦਾ ਇਕ ਮੁਖ ਹਿੱਸਾ ਹੈ। ਸੌਣ ਵਾਲੇ ਮੰਜੇ ਉਪਰ ਪਹਿਲਾਂ ਦਰੀ ਵਿਛਾਈ ਜਾਂਦੀ ਹੈ ਫਿਰ ਉਸ ਉੱਪਰ ਚਾਦਰ ਵਿਛਾਈ ਜਾਂਦੀ ਹੈ। ਕਿਉਂਕਿ ਅਕਸਰ ਮੰਜੇ ਬਾਣ ਨਾਲ ਬੁਣੇ ਜਾਂਦੇ ਸਨ , ਦਰੀ ਵਿਛਾਉਣ ਦਾ ਮੁਖ ਮਕਸਦ ਰਗੜ/ਚੁਭਣ ਤੋਂ ਬਚਾਉਣਾ ਹੁੰਦਾ ਹੈ । ਉਪਰ ਚਾਦਰ ਇਸ ਲਈ ਵਿਛਾਈ ਜਾਂਦੀ ਹੈ ਤਾਂ ਜੋ ਦਰੀ ਨੂੰ ਮੈਲੇ ਹੋਣ ਤੋਂ ਬਚਾਇਆ ਜਾ ਸਕੇ। ਦਰੀ ਨੂੰ ਧੋਤਾ ਨਹੀਂ ਸੀ ਜਾਂਦਾ। ਇਸ ਦੇ ਰੰਗ ਘੁਲ ਕੇ ਬਦਰੰਗ ਹੋ ਜਾਂਦੇ ਸਨ। ਅਤੇ ਸੂਤ ਵੀ ਸੁੰਗੜ ਜਾਂਦਾ ਹੈ। ਇਸ ਤੋਂ ਪੰਜਾਬ ਇਲਾਕੇ ਦੀ ਗਰਮ-ਸਰਦ ਰੁੱਤ ਦਾ ਸੰਕੇਤ ਵੀ ਮਿਲਦਾ ਹੈ। ਇਹ ਉਸ ਪੰਜਾਬ ਦਾ ਦ੍ਰਿਸ਼ ਹੈ ਜਿਥੇ ਮੰਡੀ ਹਾਲੇ ਘਰ ਤੱਕ ਨਹੀਂ ਸੀ ਆਈ। ਮਸ਼ੀਨੀਕਰਨ ਨੇ ਪਿੰਡਾਂ-ਕਸਬਿਆਂ ਦੇ ਰਹਿਣ ਸਹਿਣ ‘ਤੇ ਬਹੁਤਾ ਅਸਰ ਨਹੀਂ ਸੀ ਪਾਇਆ ਅਤੇ ਲੋਕ ਘਰੇਲੂ ਦਸਤਕਾਰੀ ‘ਤੇ ਵੱਧ ਨਿਰਭਰ ਕਰਦੇ ਸਨ।

6. **ਇਲਾਕਾਈ ਵਿਸ਼ੇਸ਼ਤਾ (locality)**

ਸੱਭਿਆਚਾਰ ਕਿਸੇ ਖਿੱਤੇ ਵਿਸ਼ੇਸ਼ ਨਾਲ ਜੁੜਿਆ ਹੁੰਦਾ ਹੈ। ਉਸ ਥਾਂ ਦਾ ਭੋਜਨ, ਦਸਤਕਾਰੀ, ਭਵਨ-ਨਿਰਮਾਣ ਕਲਾ ਅਤੇ ਹੋਰ ਉਤਪਾਦਨ ਇਸ ਗੱਲ ਨਾਲ ਜੁੜੇ ਹੁੰਦੇ ਹਨ ਕਿ ਉੱਥੇ ਦਾ ਜਲਵਾਯੂ, ਪੌਣਪਾਣੀ ਅਤੇ ਹਵਾ-ਮਿੱਟੀ ਕਿਹੋ ਜਿਹੀ ਹੈ। ਆਪਣੇ ਜਲਵਾਯੂ ਅਤੇ ਪੌਣਪਾਣੀ ਸਦਕਾ ਪੰਜਾਬ, ਖੇਤੀ ਪ੍ਰਧਾਨ ਸੂਬਾ ਹੈ। ਅਨਾਜ-ਫਸਲਾਂ, ਗੰਨੇ ਦੇ ਨਾਲ-ਨਾਲ ਪੰਜਾਬ ਦੇ ਬਹੁਤੇ ਹਿੱਸੇ ਵਿਚ (ਖਾਸ ਕਰਕੇ ਮਾਲਵੇ ਵਿਚ ਕਾਟਨ ਬੈਲਟ) ਕਪਾਹ ਇੱਕ ਮੁਖ ਫਸਲ ਹੈ। ਇਸ ਲਈ ਘਰਾਂ ਵਿਚ ਸੂਤ ਕੱਤਣਾ, ਕੱਪੜਾ, ਖੱਦਰ, ਖੇਸ ਅਤੇ ਦਰੀਆਂ ਬੁਨਣ ਦਾ ਕੰਮ ਕਈ ਸਦੀਆਂ ਪੁਰਾਣਾ ਹੈ। ਇਹ ਦਰੀਆਂ ਬਹੁਤਾ ਕਰਕੇ ਔਰਤਾਂ, ਕੁੜੀਆਂ ਰਲ ਕੇ ਬੁਣਦੀਆਂ ਸਨ।

7. **ਦਸਤਕਾਰੀ ਦਾ ਪਿਛੋਕੜ (The Tradition of Weaving in Punjab)**

ਦਰੀ ਲਈ ਸੂਤ ਚਰਖੇ ਤੇ ਕੱਤਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਤੁਰਕ ਚਰਖਾ ਆਪਣੇ ਨਾਲ ਲਿਆਏ ਸਨ। Agrarian System of Mugal India (1556-1707) ਦੇ ਲੇਖਕ ਇਰਫਾਨ ਹਬੀਬ ਦੇ ਅਨੁਸਾਰ ਭਾਰਤ ਵਿਚ ਚਰਖਾ, ਇਰਾਨ ਵਿਚੋਂ ਤੇਰਵੀਂ ਸਦੀ ਵਿਚ ਆਇਆ। ਅਸੀਂ ਕਹਿ ਸਕਦੇ ਹਾਂ ਕਿ ਦਰੀਆਂ ਬੁਣਨ ਦੀ ਪਰੰਪਰਾ ਵੀ ਕਈ ਸਦੀਆਂ (century)ਪੁਰਾਣੀ ਹੈ। ਚਰਖੇ, ਕਤਾਈ (spinning) ਅਤੇ ਤ੍ਰਿੰਝਣ ਦਾ ਜ਼ਿਕਰ ਮੱਧਕਾਲ ਦੇ ਸੂਫੀ, ਗੁਰਮਤਿ ਅਤੇ ਕਿੱਸਾ ਸਾਹਿਤ ਵਿਚ ਵੀ ਮਿਲਦਾ ਹੈ।

**ਕੱਤ ਲੈ ਨੀ ਕੁਝ ਕਤਾ ਲੈ ਨੀ, ਹੁਣ ਤਾਣੀ ਤੰਦ ਉਣਾ ਲੈ ਨੀ।**

**ਤੂੰ ਆਪਣਾ ਦਾਜ ਰੰਗਾ ਲੈ ਨੀ, ਤੂੰ ਤਦ ਹੋਵੇਂ ਪਰਧਾਨ ਕੁੜੇ।**

**ਜਦ ਘਰ ਬੇਗਾਨੇ ਜਾਵੇਂਗੀ, ਮੁੜ ਵੱਤ ਨਾ ਓਥੋਂ ਆਵੇਂਗੀ।**

**ਓਥੇ ਜਾ ਕੇ ਪਛੋਤਾਵੇਂਗੀ, ਕੁਝ ਅਗਦੋਂ ਕਰ ਸਮਿਆਨ ਕੁੜੇ। (ਬੁੱਲ੍ਹੇ ਸ਼ਾਹ)**

## 8. ਪੰਜਾਬੀ ਔਰਤ ਅਤੇ ਦਸਤ-ਕਲਾ

## (Punjabi Rural woman, folk art and handicraft of Punjab)

ਦਸਤਕਾਰੀ ਲੋਕ-ਹੁਨਰ ਜਾਂ ਲੋਕ ਕਲਾਵਾਂ ਦਾ ਹਿੱਸਾ ਹੈ। ਪੰਜਾਬ, ਭਾਰਤ ਦਾ ਸਭਿਆਚਾਰਕ ਅਮੀਰੀ ਵਾਲਾ ਉੱਤਰ-ਪੱਛਮੀ ਰਾਜ ਹੈ ਜਿਸ ਦੀ ਦਸਤ ਕਲਾ ਨੂੰ ਵਿਸ਼ਵ ਭਰ ਵਿਚ ਪ੍ਰਸਿਧੀ ਪ੍ਰਾਪਤ ਹੈ। ਮਸ਼ੀਨੀਕਰਨ ਤੋਂ ਪਹਿਲਾਂ ਲੋਕ ਸ਼ਿਲਪ ਕਲਾਵਾਂ ਅਤੇ ਦਸਤਕਾਰੀ ਬਹੁਤੀ ਪੇਂਡੂ ਔਰਤ ਦੇ ਹੱਥਾਂ ਵਿਚ ਰਹੀ ਹੈ। ਔਰਤਾਂ ਦੀ ਇਸ ਲੋਕ ਦਸਤ ਕਲਾ ਦਾ ਅਸੀਂ ਦੋ ਤਰਾਂ ਨਾਲ ਵਰਗੀ ਕਰਨ ਕਰ ਸਕਦੇ ਹਾਂ :-

ਪਹਿਲਾਂ ਵਰਤੀ ਜਾਂਦੀ ਸਮੱਗਰੀ ਦੇ ਆਧਾਰ ‘ਤੇ ਜਿਵੇਂ :

- ਕਪਾਹ ਨਾਲ ਬਣੀਆਂ ਵਸਤਾਂ ਜਿਵੇਂ ਦਰੀਆਂ, ਖੇਸ, ਮੰਜੇ, ਪੀੜ੍ਹੀਆਂ
- ਮਿੱਟੀ ਨਾਲ ਬਣੀਆਂ ਵਸਤਾਂ ਜਿਵੇਂ ਬੁੱਤਕਾਰੀ, ਭੜੋਲੇ, ਚੁੱਲ੍ਹੇ, ਓਟੇ,
- ਸਣ ਨਾਲ ਬਣੀਆਂ ਵਸਤਾਂ ਜਿਵੇਂ ਮੰਜੇ ਆਦਿ
- ਰੰਗਾਂ ਨਾਲ : ਕੰਧ ਚਿੱਤਰ ਆਦਿ
- ਕੱਚ, ਕਾਗਜ਼ ਅਤੇ ਕੱਖ-ਕਾਨੇ ਆਦਿ ਹੋਰ ਫੁਟਕਲ ਸਮਾਨ ਜਿਵੇਂ ਬੋਹੀਏ, ਗੋਹਲੇ, ਆਦਿ

ਦੂਜਾ ਵਰਗੀਕਰਨ ਹੁਨਰ ਆਧਾਰਿਤ ਹੋ ਸਕਦਾ ਹੈ ਜਿਵੇਂ :

- ਕਤਾਈ (spinning) : ਚਰਖਾ ਕੱਤਣਾ (spinning), ਅਟੇਰਨਾ, ਕਢਾਈ
- ਕਢਾਈ (embroidery) : ਚਾਦਰਾਂ, ਫੁਲਕਾਰੀਆਂ, ਝੋਲੇ, ਪੱਖੀਆਂ, ਬੰਦਨਬਾਰ, ਧਾਰਮਿਕ ਇਤਿਹਾਸਕ ਕਥਾ-ਕਹਾਣੀਆਂ
- ਉਣਾਈ (knitting) : ਕਰੋਸ਼ੀਆ, ਸਵੈਟਰ
- ਬੁਣਾਈ (weaving) : ਪੱਖੀਆਂ, ਦਰੀਆਂ, ਕੋਰੇ, ਖੇਸ, ਖੱਦਰ, ਝੁੱਲ (ਪਸ਼ੂਆਂ ਲਈ),
- ਬੁੱਤ ਤਰਾਸ਼ੀ (Sculpturing) – ਸਾਂਝੀ , ਖਿਡੌਣੇ, ਚੁੱਲ੍ਹਾ-ਚੌਂਕਾ
- ਤਸਵੀਰ ਕਸ਼ੀ (painting) – ਕੰਧਾਂ ਕੰਧੋਲਿਆਂ ਉੱਪਰ ਵੇਲ-ਬੂਟੇ
- ਗੁੱਡੀਆਂ-ਪਟੋਲੇ ਅਤੇ ਹੋਰ ਸਜਾਵਟੀ ਵਸਤਾਂ (Doll making and other Decorative things)

ਔਰਤਾਂ ਵੱਲੋਂ ਮਿੱਟੀ ਨਾਲ ਘਰ ਲਿੱਪਣੇ ਅਤੇ ਲਿੱਪੀਆਂ ਕੰਧਾਂ ਤੇ ਤੋਤੇ ਮੋਰ ਬਣਾਉਣੇ ਪੰਜਾਬ ਦੀ ਪੁਰਾਤਨ ਪਰੰਪਰਾ ਰਹੀ ਹੈ। ਉਹ ਘਾਹ ਫੂਸ ਅਤੇ ਪੱਤਿਆਂ ਤੋਂ ਅਨੇਕਾਂ ਤਰਾਂ ਦੀਆਂ ਘਰੇਲੂ ਲੋੜਾਂ ਲਈ ਵਸਤੂਆਂ ਬਣਾ ਲੈਂਦੀ ਹੈ ਜਿਵੇਂ ਛਿੱਕੂ, ਬੋਹੀਏ, ਪੱਖੇ ਅਤੇ ਚਟਾਈਆਂ ਆਦਿ।

ਪੰਜਾਬ ਦੀ ਦਸਤਕਾਰੀ ਵਿਚ ਦਰੀ ਇਸ ਦਾ ਅਹਿਮ ਹਿੱਸਾ ਹੈ ਅਤੇ ਇਹ ਕਲਾ ਖਾਸ ਕਰਕੇ ਔਰਤਾਂ ਕੋਲ ਹੁੰਦੀ ਸੀ ਇਹ ਪੰਜਾਬਣਾਂ ਦੇ ਰੋਜ਼ਾਨਾ ਵਾਂਗ ਕੰਮ-ਕਾਰ ਦਾ ਹਿੱਸਾ ਹੁੰਦੀ ਸੀ । ਤ੍ਰਿੰਝਣਾਂ ਵਿਚ ਉਹ ਇਸ ਲਈ ਸੂਤ ਕੱਤਦੀਆਂ ਅਤੇ ਅੱਟੀਆਂ ਅਟੇਰ ਲੈਂਦੀਆਂ ਸਨ। ਤ੍ਰਿੰਝਣ ਦਾ ਸਮਾਂ ਆਮ ਕਰਕੇ ਸਰਦੀਆਂ ਦੀਆਂ ਲੰਮੀਆਂ ਰਾਤਾਂ ਹੁੰਦੀਆਂ ਸਨ ਅਤੇ ਕਿਸੇ ਵੱਡੇ ਘਰ ਦੇ ਦਰਵਾਜ਼ੇ ਅੰਦਰ ਕੁੜੀਆਂ ਰਲ ਕੇ ਚਰਖਾ ਕੱਤਦੀਆਂ ਅਤੇ ਸਾਲੂ-ਫੁਲਕਾਰੀਆਂ ਕੱਢਦੀਆਂ। ਅਤੇ ਤ੍ਰਿੰਝਣ ਦੀ ਆਪਣੀ ਅਹਿਮੀਅਤ ਸਦਕਾ ਪੰਜਾਬੀ ਜੀਵਨ-ਜਾਚ ਵਿਵ ਕਾਰ ਕਮਾਉਂਦੀ ਜਿੰਦ ਦਾ ਅਤੇ ਤ੍ਰਿੰਝਣ ਕਰਮ-ਭੂਮੀ ਦਾ ਚਿੰਨ੍ਹ ਬਣ ਗਏ। ਗਰਮੀਆਂ ਦੇ ਦਿਨ ਵੱਡੇ ਹੁੰਦੇ ਸਨ ਇਨ੍ਹਾਂ ਦਿਨਾਂ ਵਿਚ ਸੂਤ ਰੰਗ ਕੇ ਗੁੱਟੀਆਂ ਬਣਾ ਲਈਆਂ ਜਾਂਦੀਆਂ ਅਤੇ ਦਰੀਆਂ ਬੁਣੀਆਂ ਜਾਂਦੀਆਂ। ਦਰੀਆਂ ਬੁਣਨਾ ਘਰਾਂ ਦੀ ਲੋੜ ਹੁੰਦੀ, ਰਕਾਨ ਔਰਤਾਂ ਦਾ ਸ਼ੌਕ ਵੀ ਹੁੰਦਾ ਅਤੇ ਗਰੀਬ ਪਰਿਵਾਰਾਂ ਦਾ ਕਿੱਤਾ ਵੀ।

## 9. ਸੰਦ-ਸਮੱਗਰੀ (Tools and Material used)

ਦਰੀ ਬੁਣਨ ਲਈ ਤਾਣਾ-ਪੇਟਾ ਮੁੱਢਲੀ ਲੋੜ ਹੈ। ਤਾਣਾ ਆਮ ਤੌਰ ਤੇ ਬਜ਼ਾਰੋਂ ਖਰੀਦਿਆਂ ਜਾਂਦਾ ਸੀ । ਪੇਟੇ ਲਈ ਸੂਤ ਮੋਟਾ ਕੱਤ ਲਿਆ ਜਾਂਦਾ ਸੀ। ਸੂਤ ਰੰਗਣ ਲਈ ਮੰਡੀ ਵਿਚੋਂ ਵੀ ਰੰਗ ਖਰੀਦ ਲਿਆ ਜਾਂਦਾ ਸੀ ਅਤੇ ਕੁਦਰਤੀ ਰੰਗ ਵੀ ਵਰਤ ਲਏ ਜਾਂਦੇ ਸਨ। ਕਾਲਾ ਰੰਗ ਨਹੀਂ ਸੀ ਵਰਤਿਆ ਜਾਂਦਾ। ਸੂਤ ਨੂੰ ਰੰਗ ਕੇ ਉਸ ਦੀਆਂ ਛੋਟੀਆਂ-ਛੋਟੀਆਂ ਗੁੱਟੀਆਂ ਬਣਾ ਲਈਆਂ ਜਾਂਦੀਆਂ ਸਨ। ਦਰੀ ਬੁਣਨ ਲਈ ਦਲਾਨਾਂ ਵਿਚ ਕੁੰਡੇ ਗੱਡ ਕੇ ਅੱਡਾ ਬਣਾ ਲਿਆ ਜਾਂਦਾ ਸੀ। ਮਗਰੋਂ ਇਹ ਅੱਡੇ ਚੱਕਵੇਂ ਵੀ ਆ ਗਏ । ਦਰੀ ਬੁਣਨ ਲਈ ਹੱਥੀਆਂ ਦੀ ਲੋੜ ਹੁੰਦੀ ਹੈ ਜਿਸ ਨਾਲ ਬੁਣੀ ਜਾ ਰਹੀ ਦਰੀ ਨੂੰ ਨਾਲੋ-ਨਾਲ ਠੋਕਿਆ ਜਾਂਦਾ ਹੈ ਤਾਂ ਜੋ ਦਰੀ ਢਿੱਲੀ ਨਾ ਰਹਿ ਜਾਵੇ। ਇਸ ਤੋਂ ਬਿਨਾਂ ਘੋੜੀ ਅਤੇ ਪਨਖ ਵੱਡੇ ਸੰਦ ਹਨ। ਦਰੀ ਬੁਣਨ ਲਈ ਨਮੂਨਾ ਕਿਹੜਾ ਪਾਉਣਾ ਹੈ ਇਹ ਤੈਅ ਕਰ ਲਿਆ ਜਾਂਦਾ ਹੈ ਅਤੇ ਇਸ ਨੂੰ ਦੋ ਔਰਤਾਂ ਰਲ ਕੇ ਬੁਣਦੀਆਂ ਹਨ। ਇਹ ਕਈ ਵਾਰ ਸਹਿਚਾਰ ਵੀ ਹੁੰਦਾ ਕਦੇ ਵੱਟੇ ਤੇ ਵੀ। ਕੁਝ ਔਰਤਾਂ ਕਿੱਤੇ ਵਜੋਂ ਵੀ ਇਹ ਕੰਮ ਕਰਦੀਆਂ ਸਨ।

## 10. ਦਰੀ ਦੇ ਹਿੱਸੇ (Parts ਰ Structure)

ਰਵਾਇਤੀ ਦਰੀ ਨੂੰ ਅਸੀਂ ਚਾਰ ਭਾਗਾਂ ਵਿਚ ਵੰਡ ਸਕਦੇ ਹਾਂ;

- ਮੁੱਖ ਹਿੱਸਾ (main design)
- ਬਾਰਡਰ (Boarder)
- ਕੰਨੀਆਂ (corner side)
- ਜਾਲੀ (Net design)

ਨਮੂਨੇ ਦਾ ਮੁਖ ਭਾਗ ਆਮ ਤੌਰ ਤੇ ਦੁਆਲਿਓਂ ਬਾਰਡਰ ਨਾਲ ਘਿਰਿਆ ਹੁੰਦਾ ਹੈ। ਇਹ ਨਮੂਨੇ ਅਨੇਕਾਂ ਪ੍ਰਕਾਰ ਦੇ ਹੁੰਦੇ ਹਨ। ਪਾਸਿਆਂ ਤੋਂ ਦਰੀ ਦੀ ਕੰਨੀ ਨੂੰ ਵੀ ਕਈ ਰਕਾਨਾਂ ਖਾਸ ਰੂਪ ਦੇ ਲੈਂਦੀਆਂ ਹਨ। ਦਰੀ ਉਤਾਰਨ ਮਗਰੋਂ ਪਾਸਿਆਂ ਤੋਂ ਵਧੇ ਸੂਤ ਨੂੰ ਜਾਲੀ ਦੇ ਰੂਪ ਵਿਚ ਬੰਨ੍ਹ ਲਿਆ ਜਾਂਦਾ ਹੈ। ਜੋ ਦਰੀ ਦੀ ਦਿੱਖ ਨੂੰ ਹੋਰ ਸੋਹਣਾ ਬਣਾ ਦਿੰਦੀ ਹੈ । ਇਹ ਜਾਲੀਆਂ ਅਤੇ ਬਾਡਰਾਂ ਦੇ ਵੀ ਅਨੇਕਾਂ ਨਮੂਨੇ ਹੁੰਦੇ ਹਨ।

## 11. ਰੰਗ ਅਤੇ ਰੰਗਾਂ ਦਾ ਮੇਲ (Colours, contrast / combinations) ;

- ਪੰਜਾਬ ਵਿਚ ਸਰਦੀ-ਗਰਮੀ ਦੋਵੇਂ ਮੌਸਮ ਹੋਣ ਕਰਕੇ ਇਥੇ ਬਨਸਪਤੀ ਅਤੇ ਰੰਗਾਂ ਦੀ ਵਿਭਿੰਨਤਾ ਹੁੰਦੀ ਹੈ। ਇਸੇ ਲਈ ਪੰਜਾਬੀ ਜੀਵਨ ਵਿਚ ਅਨੇਕਾਂ ਰੰਗ ਸੁਹਜ ਦਾ ਹਿੱਸਾ ਰਹੇ ਹਨ।
- ਦਰੀਆਂ ਲਈ ਗੂੜ੍ਹੇ ਅਤੇ ਤਿੱਖੇ ਰੰਗ ਵਰਤੇ ਜਾਂਦੇ।

- ਪੰਜਾਬੀ ਸੁਹਜ-ਸੰਵੇਦਨਾ ਵਿਚ ਰੰਗਾਂ ਦੇ ਮੇਲ ਦੀ ਖਾਸ ਵਿਲੱਖਣਤਾ ਦੇਖੀ ਜਾ ਸਕਦੀ ਹੈ। ਜਿਵੇਂ ਨੀਲਾ-ਪੀਲਾ, ਹਰਾ-ਲਾਲ, ਰਾਣੀ-ਸਰਦਈ ਆਦਿ
- ਕਾਲਾ ਰੰਗ ਨਹੀਂ ਸੀ ਵਰਤਿਆ ਜਾਂਦਾ। ਕਿਉਂਕਿ ਕਾਲਾ ਰੰਗ ਫੈਲ ਜਾਂਦਾ ਹੈ ਅਤੇ ਗਰਮੀ ਖੋਰਾ ਵੀ ਹੁੰਦਾ ਹੈ। ਇਸ ਰੰਗ ਨੂੰ ਤਿਆਰ ਕਰਨ ਲਈ ਕਾਸਟਿਕ ਵੱਧ ਪੈਂਦਾ ਹੈ ਇਸ ਲਈ ਦਰੀ ਦਾ ਉਹ ਹਿੱਸਾ ਬੋਦਾ ਹੋ ਜਾਂਦਾ ਹੈ, ਜਿਥੇ ਕਾਲਾ ਰੰਗ ਹੁੰਦਾ ਹੈ। ਕਈ ਵਾਰ ਤਾਂ ਉਥੇ ਮੋਰੀ ਹੋ ਜਾਂਦੀ । ਕੁੜੀਆਂ ਦੇ ਦਾਜ ਲਈ ਦਰੀਆਂ ਕਈ ਸਾਲ ਪਹਿਲਾਂ ਹੀ ਬੁਣ ਲਈਆਂ ਜਾਂਦੀਆਂ ਹਨ। ਵਿਆਹ ਵੇਲੇ ਜੇ ਦਰੀ ਵਿਚ ਮੋਰੀਆਂ ਦਿਸਣ ਤਾਂ ਇਹ ਬਦਸ਼ਗਨੀ ਵੀ ਮੰਨੀ ਜਾਂਦੀ ਹੈ। ਇਸ ਲਈ ਕਾਲੇ ਰੰਗ ਦੀ ਥਾਵੇਂ ਗੂੜ੍ਹਾ ਸਲੇਟੀ ਰੰਗ ਵਰਤ ਲਿਆ ਜਾਂਦਾ ।
- ਘਰਾਂ ਵਿਚ ਦਰੀਆਂ ਦਾ ਕੰਮ ਬਹੁਤ ਹੁੰਦਾ ਸੀ ਇਸ ਲਈ ਇਸ ਦੇ ਰੰਗਾਂ ਦੀਆਂ ਦੁਕਾਨਾਂ ਕਸਬੇ / ਸ਼ਹਿਰ ਦੀਆਂ ਦਾਣਾ-ਮੰਡੀਆਂ ਦੇ ਨਾਲ ਹੀ ਹੁੰਦੀਆਂ ਸਨ ਤਾਂ ਜੋ ਮੰਡੀ ਗਿਆ ਘਰ ਦਾ ਕੋਈ ਬੰਦਾ ਸੌਖਿਆਂ ਹੀ ਲੈ ਆਵੇ। ਜਿਵੇਂ ਮੋਗੇ ਦਾ ਮੋਰੀ ਬਜ਼ਾਰ ਸੂਤ ਦੇ ਰੰਗਾਂ ਲਈ ਬਹੁਤ ਮਸ਼ਹੂਰ ਹੁੰਦਾ ਸੀ।
- ਕਿਉਂਕਿ ਪੰਜਾਬ ਦੇ ਲੋਕ ਖੇਤੀਬਾੜੀ ਦੇ ਨਾਲ-ਨਾਲ ਫੌਜੀ ਵੀ ਬਣ ਜਾਂਦੇ ਸਨ। ਉਹਨਾਂ ਦੀ ਵਰਦੀ ਲੋਕਾਂ ਵਿਚ ਵਿਸ਼ੇਸ਼ ਖਿੱਚ ਦਾ ਕਾਰਨ ਹੁੰਦੀ। ਦਰੀਆਂ ਵਿਚ ਫੌਜੀ ਵਰਦੀ ਦਾ ਇਹ ਰੰਗ ਜਹਿਰਮੋਹਰਾ ਵੀ ਸ਼ਾਮਿਲ ਹੋ ਗਿਆ।

**12. ਨਮੂਨੇ (Designs) :**

ਦਰੀਆਂ ਦੇ ਨਮੂਨੇ ਬਹੁ-ਭਾਂਤੀ ਅਤੇ ਵੰਨ-ਸੁਵੰਨੇ ਹੁੰਦੇ। ਇਨ੍ਹਾਂ ਨੂੰ ਅਸੀਂ ਹੇਠ ਲਿਖੇ ਵਰਗਾਂ ਵਿਚ ਵੰਡ ਕੇ ਦੇਖ ਸਕਦੇ ਹਾਂ।

I. **ਆਮ ਨਮੂਨੇ (Common design) –** ਗੁੱਡੇ , ਧਾਰੀਆਂ (ਫੱਟੀਆਂ), ਡੱਬੇ ਵਾਲੇ ਨਮੂਨੇ ਆਦਿ

II. **ਕੁਦਰਤ / ਬਨਸਪਤੀ (Nature and Vegetation) :** ਰੁਖ, ਪੱਤੇ, ਫੁੱਲ, ਫ਼ਲ, ਵੇਲਾਂ, ਬੱਦਲ, ਬਾਗ ਦਾ ਦ੍ਰਿਸ਼ ਆਦਿ

III. **ਪੰਛੀ / ਜਨੌਰ (Birds / Animals)** : ਤੋਤਾ, ਮੋਰ, ਕਬੂਤਰ, ਬਿੱਲੀ, ਬਗਲੇ, ਸ਼ੇਰ, ਮੱਛੀ,ਤਿਤਲੀ ਆਦਿ

IV. **ਖੇਤੀਬਾੜੀ (Agriculture)** : ਟਮਾਟਰ, ਗੋਭੀ , ਬੈਂਗਣ, ਮਟਰ, ਕਰੇਲੇ , ਵੇਲਾਂ, ਕਪਾਹ ਦੀਆਂ ਛਿਟੀਆਂ, ਕੱਦੂਆਂ ਦੀ ਵੇਲ ਮੁਰੱਬੇਬੰਦੀ (Land cosolidation) ਆਦਿ

V. **ਸਮਾਜਿਕ ਆਲਾ-ਦੁਆਲਾ / ਚੌਗਿਰਦਾ (Social Environment)** : ਅੰਬ ਦੇ ਬੂਟੇ ਨੂੰ ਪਾਣੀ ਪਾ ਦੇ ਭਾਬੀਏ, ਬੇਰ ਤੋੜਦੇ ਬੱਚੇ, ਗਹਿਣੇ , ਗੁਲਦਸਤੇ , ਕਾਰਾਂ, ਕੱਪ-ਪਲੇਟਾਂ , ਪਤੰਗ, ਮੁੱਛ-ਮਰੋੜ ਦੀ ਦਰੀ ਆਦਿ

VI. **ਗੀਤ-ਸੰਗੀਤ ਆਧਾਰਿਤ (Popular songs)** : ਪਾਲੀ ਪਾਣੀ ਖੂਹ ਤੋਂ ਭਰੇ, ਨੀ ਇੱਕ ਫੁੱਲ ਤੋੜ ਲੈਣ ਦੇ, ਅੰਬ ਦੇ ਬੂਟੇ ਨੂੰ ਪਾਣੀ ਪਾ ਦੇ ਭਾਬੀਏ, ਗੀਤ ਆਧਾਰਿਤ ਨਮੂਨੇ ।

VII. **ਇਤਿਹਾਸ ਆਧਾਰਿਤ ਕਿੱਸੇ-ਕਥਾਵਾਂ-ਮਿਥ ਕਹਾਣੀਆਂ (History, fairy tales, legends based)** : ਮਿਰਜ਼ਾ ਸਾਹਿਬਾਂ, ਖੂਹ ਵਾਲੀ ਪੀਤੋ ਦੀ ਦਰੀ, ਪਰੀ ਬਾਗ ਵਿਚ ਖੜੀ, ਤਾਜ ਮਹੱਲ ਆਦਿ

VIII. **ਚੋਪ ਦਾ ਨਮੂਨਾ (Special *Phulkari stitch based* Design)**

IX. **ਭੂਗੋਲ : (Geography)** ਭਾਰਤ ਦਾ ਨਕਸ਼ਾ ਆਦਿ

X. **ਲੋਕ-ਖੇਡਾਂ (Folk Games) :** ਸ਼ਤਰੰਜ ਆਦਿ

XI. **ਮਨੁੱਖੀ ਆਕਾਰ (Human Figures)** ਪਰੀ, ਪਾਲੀ, ਭਾਬੀ, ਬੱਚੇ, ਕਾਕਾ, ਮਿਰਜ਼ਾ, ਸਾਹਿਬਾ, ਪੀਤੋ

ਨਮੂਨਿਆਂ ਬਾਰੇ ਗੱਲ ਕਰਦਿਆਂ ਇਸ ਖੇਤਰ ਦੀ ਸਰੋਤ ਬੀਬੀ ਬਲਬੀਰ ਕੌਰ ਨੇ ਦੱਸਿਆ ਕਿ :

i. ਦਰੀਆਂ ਦੇ ਨਮੂਨਿਆਂ ਵਿਚ ਭੈੜੀਆਂ ਅਤੇ ਨਕਾਰਾਤਮਕ ਚੀਜ਼ਾਂ ਨਹੀਂ ਪਾਉਂਦੇ ਜਿਵੇਂ ਦੈਂਤ ਆਦਿ।

ii. ਨਮੂਨਿਆਂ ਦੀ ਵਿਲੱਖਣਤਾ ਬਣਾਈ ਰੱਖਣ ਲਈ ਨਮੂਨੇ ਹਨ੍ਹੇਰੇ-ਸਵੇਰੇ ਲੁਕੋ ਕੇ ਲਿਆਂਦੇ ਜਾਂਦੇ ਤਾਂ ਜੋ ਕੋਈ ਹੋਰ ਨਕਲ ਨਾ ਕਰ ਲਵੇ ਜਾਂ ਉਹ ਨਮੂਨਾ ਆਮ ਨਾ ਹੋ ਜਾਵੇ ।

iii. ਦਾਜ ਵਿਖਾਈ, ਜਾਂ ਖੱਟ ਦੇਖਣ ਕੁੜੀਆਂ ਖਾਸ ਕਰਕੇ ਜਾਂਦੀਆਂ ਤਾਂ ਜੋ ਨਵੇਂ ਨਮੂਨੇ ਦੇਖ ਸਕਣ।

iv. ਸੱਜਰੀ ਵਿਆਹੀ ਨਾਲ ਨਮੂਨੇ ਦੇ ਲਾਲਚ ਵਿਚ ਸਾਂਝ ਪਾਉਂਦੀਆਂ ਤਾਂ ਕਿ ਉਹ ਨਮੂਨਾ ਦੇਣ ਤੋਂ ਨਾਂਹ ਨਾ ਕਰ ਦੇਵੇ।

v. ਕਈ ਰਕਾਨਾਂ ਨਮੂਨਾ ਦੇਖ ਕੇ, ਮੂੰਹ ਜ਼ੁਬਾਨੀ ਯਾਦ ਕਰ ਲੈਂਦੀਆਂ।

vi. ਜਿਵੇਂ-ਜਿਵੇਂ ਤਕਨਾਲੋਜੀ ਵਿਕਾਸ ਕਰਦੀ ਗਈ ਉਹੋ ਜਿਹੇ ਵਸਤ-ਵਰਤਾਰੇ ਵੀ ਦਰੀਆਂ ਦੇ ਨਮੂਨਿਆਂ ਵਿਚ ਸ਼ਾਮਿਲ ਹੁੰਦੇ ਗਏ ਜਿਵੇਂ ਸਾਈਕਲ, ਕਾਰ, ਜਹਾਜ਼ ਆਦਿ ।

vii. ਘਰਾਂ ਦੀ ਲੋੜ ਲਈ ਆਮ ਤੌਰ 'ਤੇ ਦਰੀਆਂ ਫੱਟੀਆਂ ਵਾਲੀਆਂ ਬੁਣ ਲਈਆਂ ਜਾਂਦੀਆਂ ਜੋ ਸਿੱਧਾ ਅਤੇ ਆਸਾਨ ਦਿਜ਼ਾਈਨ ਹੁੰਦਾ ਪਰ ਕੁੜੀ ਦੇ ਦਾਜ ਲਈ ਦਰੀਆਂ ਚੰਗੇ-ਚੰਗੇ ਨਮੂਨੇ ਲੱਭ ਕੇ ਲਿਆਂਦੇ ਜਾਂਦੇ। ਇਹ ਪਰਿਵਾਰ ਦੀ ਹੈਸੀਅਤ ਦਾ ਵੀ ਮਸਲਾ ਹੁੰਦਾ ਅਤੇ ਕੁੜੀ ਦੀ ਕਾਬਲੀਅਤ ਦਾ ਵੀ। ਨਵੇਂ ਨਵੇਂ ਨਮੂਨੇ ਤਲਾਸ਼ਣ ਲਈ ਹਰ ਤਰੀਕਾ ਵਰਤਿਆ ਜਾਂਦਾ। ਨਵੀਂ ਸੱਜ ਵਿਆਹੀ ਦਾ ਦਾਜ ਦਿਖਾਉਣ ਦਾ ਰਿਵਾਜ਼ ਹੈ ਪੰਜਾਬ ਵਿਚ। ਖੱਟ ਵੀ ਕਹਿੰਦੇ ਹਨ। ਪਿੰਡ ਦੀਆਂ ਕੁੜੀਆਂ ਨਮੂਨੇ ਦੇਖਣ ਲਈ ਜਾਂਦੀਆਂ। ਫਿਰ ਨਮੂਨਾ ਲੈਣ ਲਈ ਉਸ ਨਵੀਂ ਵਿਆਹੀ ਨਾਲ ਸਾਂਝ ਪਾਈ ਜਾਂਦੀ। ਕਈ ਵਾਰ ਉਸ ਦੇ ਘਰ ਦਿਆਂ ਤੋਂ ਚੋਰੀ ਵੀ ਨਮੂਨਾ ਲਿਆਉਣਾ ਪੈਂਦਾ। ਹਰ ਕੁੜੀ ਸੁਆਣੀ ਦੀ ਰੀਝ ਹੁੰਦੀ ਕਿ ਜਿਹੜਾ ਨਮੂਨਾ ਉਸ ਕੋਲ ਹੈ ਉਹ ਹੋਰ ਕਿਸੇ ਕੋਲ ਨਾ ਹੋਵੇ। ਨਵੇਕਲਾਪਣ ਸਭ ਨੂੰ ਚੰਗਾ ਲਗਦਾ ਹੈ । ਅਚੰਭਿਤ ਕਰਨਾ ਸਭ ਨੂੰ ਚੰਗਾ ਲਗਦਾ ਹੈ। ਮਿੰਨਤਾ ਕਰਵਾਉਣੀਆਂ ਚੰਗੀਆਂ ਲਗਦੀਆਂ ਹਨ।

## 13. ਦਰੀ ਅਤੇ ਲੋਕਧਾਰਾ (*Dari* and Folklore)

### i. ਲੋਕਗੀਤਾਂ ਵਿਚ ਦਰੀ (Dari in folksongs)

- ਜੇ ਤੂੰ ਫੁੱਲ ਗੁਲਾਬ ਦਾ, ਮੈਂ ਚੰਬੇ ਦੀ ਕਲੀ ਵੇ
  ਜੀਅ ਵੇ ਸੋਹਣਿਆ ਜੀ ਵੇ !
  ਜੇ ਤੂੰ ਪਲੰਗ ਨਵਾਰ ਦਾ, ਮੈਂ ਵੀ ਰੇਸ਼ਮ ਦੀ ਦਰੀ ਵੇ
  ਜੀਅ ਵੇ ਸੋਹਣਿਆ ਜੀ ਵੇ !
  ਜੇ ਤੂੰ ਦੁੱਧ ਗਲਾਸ ਦਾ, ਮੈਂ ਵੀ ਮਿਸ਼ਰੀ ਦੀ ਡਲੀ ਵੇ
  ਜੀਅ ਵੇ ਸੋਹਣਿਆ ਜੀ ਵੇ !
- ਅੱਜ ਨੀ ਮੇਰੇ ਘਰ ਨਵੇਂ ਸਾਜਨ ਆਏ
  ਮੈਂ ਜੀ ਆਖਾਂ ਜੀ ਆਖਾਂ ਜੀ ਆਇਆਂ ਤੇ
  ਦਰੀਆਂ ਵਛਾਵਾਂ, ਗਲੀਚੇ ਵਛਾਵਾਂ
  ਮੈਂ ਕੋਰੇ ਵਛਾ ਦੇਵਾਂ ਜੀ ਆਇਆਂ ਤੇ
- ਦਰੀ ਬੁਣਦੀ ਨੂੰ ਤੇਰੀ ਯਾਦ ਆਈ
  ਵੇ ਛੁੱਟੀ ਲੈ ਕੇ ਆ ਜਾ ਫੌਜੀਆ
- ਦਰੀ ਉਤੇ ਪਾਉਨੀ ਆਂ ਮੈਂ ਮੋਰ ਘੁੱਗੀਆਂ
  ਰੋ ਕੇ ਤੈਨੂੰ ਯਾਦ ਕਰਾਂ ਅੱਖਾਂ ਸੁਜੀਆਂ
- ਜਿਹੜੇ ਦਰਵਾਜ਼ੇ ਬਹਿ ਅਸੀਂ ਬੁਣੀਆਂ ਦਰੀਆਂ
  ਕੱਠੀਆਂ ਹੋ ਬੈਠਦੀਆਂ ਸੀ ਜਿਥੇ ਪਰੀਆਂ
  ਅੱਜ ਉਸ ਦਰਵਾਜ਼ੇ ਦੀ ਸਾਨੂੰ ਯਾਦ ਸਤਾਵੇ
  ਬਾਪੂ ਦੇ ਵਿਹੜੇ ਤੋਂ ਬੁੱਲ੍ਹਾ ਸੁੱਖ ਦਾ ਆਵੇ
- ਦਰੀਆਂ ਤੇ ਪਾਵਾਂ ਘੁੱਗੀਆਂ ਮੋਰ
  ਮੇਰਾ ਕਿਹੜਾ ਹੋਰ, ਵੇ ਪਰਦੇਸੀਆ
  ਰੂੰ ਦਾ ਮੈਂ ਸੂਤ ਬਣਾਵਾਂ ਰੂਹ ਦੇ ਰੰਗ ਚ ਰੰਗਾਵਾਂ
  ਪੌਣਾਂ ਨੂੰ ਦਿਆਂ ਸੁਨੇਹੇ, ਦੱਸ ਕੇ ਤੇਰਾ ਸਿਰਨਾਵਾਂ

ਵੇ ਪਰਦੇਸੀਆ

ਦਰੀਆਂ ਤੇ ਪਾਵਾਂ ਘੁੱਗੀਆਂ ਤੇ ਮੋਰ

ਵੇ ਪਰਦੇਸੀਆ !

ii. **ਦਰੀ ਵਿਚ ਲੋਕ ਸਾਹਿਤ ਅਤੇ ਮਿਥਿਹਾਸ (Folk literature in *Dari*)**

- ਪ੍ਰਚੱਲਿਤ ਗੀਤਾਂ ਤੇ ਆਧਾਰਿਤ

  ਅੰਬ ਦੇ ਬੂਟੇ ਨੂੰ ਪਾਣੀ ਪਾ ਦੇ ਭਾਬੀਏ

  ਪਾਲੀ ਪਾਣੀ ਖੂਹ ਤੋਂ ਭਰੇ
- ਲੋਕ-ਕਹਾਣੀ ਆਧਾਰਿਤ ਪੀਤੋ ਦੇ ਖੂਹ ਵਾਲੀ ਦਰੀ
- ਕਿੱਸੇ ਆਧਾਰਿਤ ਮਿਰਜ਼ਾ ਸਾਹਿਬਾਂ ਦੀ ਕਹਾਣੀ ਦੱਸਦੀ ਦਰੀ
- ਮਿਥਿਹਾਸਕ ਪਾਤਰ ਪਰੀ ਬਾਗ ਵਿਚ ਖੜੀ ਵਾਲੀ ਦਰੀ

## 14.ਪ੍ਰਤੀਕ ਅਤੇ ਮੋਟਿਫ਼ (Symbols and Motifs)

ਸਭਿਆਚਾਰ ਦੇ ਅੰਤਰਗਤ ਵਿਚਾਰੇ ਜਾਣ ਵਾਲੇ ਹਰ ਵਿਚਾਰ ਵਸਤ ਅਤੇ ਵਰਤਾਰੇ ਦਾ ਸੁਭਾਅ ਪ੍ਰਤੀਕਾਤਮਕ ਹੁੰਦਾ ਹੈ। ਯੱਕ ਲਾਂਕਾਂ ਨੇ ਸਭਿਆਚਾਰ ਦੇ ਪ੍ਰਤੀਕਮਈ ਹੋਣ ਦਾ ਸੰਕਲਪ ਦਿਤਾ। ਕਰੋਬਰ ਅਤੇ ਕਲੱਕਹੌਨ ਅਨੁਸਾਰ, "ਸਭਿਆਚਾਰ ਚਿੰਨ੍ਹਾਂ ਦੁਆਰਾ ਪ੍ਰਾਪਤ ਅਤੇ ਸੰਚਾਰਤ ਵਿਵਹਾਰ ਦੇ ਵਿਅਕਤ ਅਤੇ ਅਵਿਅਕਤ ਨਮੂਨਿਆਂ ਤੋਂ ਬਣਦਾ ਹੈ। ਇਹ ਮਨੁੱਖੀ ਗਰੁੱਪਾਂ ਦੀ ਵਿਲੱਖਣ ਪ੍ਰਾਪਤੀ ਹੈ, ਜੋ ਕਲਾ ਸਮੱਗਰੀ ਰਾਹੀ ਵਿਅਕਤ ਹੁੰਦੀ ਹੈ। ਸਭਿਆਚਾਰ ਇੱਕ ਹੱਥ ਕਿਰਤ ਦੀ ਸਿਰਜਣਾ ਹੈ ਤੇ ਦੂਸਰੇ ਹੱਥ ਉਸਦੇ ਤੱਤਾਂ ਦਾ ਅਨੁਕੂਲਣ ਕਰਦਾ ਹੈ। ਮੈਲਿਨੋਵਸਕੀ ਨੇ ਸੱਭਿਆਚਾਰ ਨੂੰ ਸੰਚਾਰਿਤ ਕਰਦੇ ਮੋਟਿਫ ਦੀ ਗੱਲ ਤੋਰੀ। ਦਰੀਆਂ ਵਿਚ ਪੰਜਾਬੀ ਸੱਭਿਆਚਾਰ ਦੇ ਸਮਾਜਿਕ , ਇਤਿਹਾਸਕ, ਮਿਥਿਹਾਸਕ ਅਤੇ ਆਰਥਿਕ ਝਲਕਾਰਿਆਂ ਨੂੰ ਸਾਂਭੀ ਬੈਠੇ ਅਜਿਹੇ ਅਨੇਕਾਂ ਮੋਟਿਫ਼ ਵਰਤੇ ਗਏ ਮਿਲਦੇ ਹਨ ਜੋ ਮਨੁੱਖੀ ਸੰਵੇਦਨਾ ਨਾਲ ਜੁੜੇ ਦਿਸਦੇ ਹਨ। ਘਰਾਂ ਵਿਚ ਆਮ ਵਰਤੀਆਂ ਜਾਣ ਵਾਲੀਆਂ ਦਰੀਆਂ ਲਈ ਫੱਟੀਆਂ, ਡੱਬੇ, ਗੁੱਡੇ ਪਾ ਲਏ ਜਾਂਦੇ ਹਨ ਜੋ ਪੰਜਾਬੀ ਜੀਵਨ ਦੀ ਸਾਦਗੀ ਵੱਲ ਇਸ਼ਾਰਾ ਕਰਦੇ ਹਨ। ਚਾਅ ਨਾਲ ਵਿਸ਼ੇਸ਼ ਰੂਪ ਵਿਚ ਬੁਣੀਆਂ ਦਰੀਆਂ ਵਿਚ ਕਾਂ, ਤੋਤਾ, ਮੋਰ, ਕਬੂਤਰ, ਮੱਛੀ, ਤਾਜਮਹੱਲ ਵਰਗੇ ਮੋਟਿਫ ਨਜ਼ਰ ਆਉਂਦੇ ਹਨ। ਭਾਰਤੀ-ਪੰਜਾਬੀ ਪ੍ਰਸੰਗ ਵਿਚ ਇਨ੍ਹਾਂ ਪ੍ਰਤੀਕਾਂ ਅਤੇ ਮੋਟਿਫਾਂ ਦੇ ਅਰਥਸ਼ੀਲ ਹੁੰਦੇ ਦੇਖ ਸਕਦੇ ਹਾਂ ;

i. ਰੁੱਖ : ਸਦੀਵਤਾ ਦਾ (immortality) *kalpvriksha* of Hindu mythology
ii. ਤੋਤਾ – ਪ੍ਰੇਮ ਦੀ ਸ਼ਿੱਦਤ ਅਤੇ ਉਪਜਾਇਕਤਾ ਦਾ ( symbol of passion and fertility)
iii. ਕਬੂਤਰ – ਸੰਦੇਸ਼ ਵਾਹਕ (messenger)
iv. ਮੋਰ – ਸ਼ਾਹੀ ਰੁਮਾਂਚ ਅਤੇ ਸੁਹੱਪਣ ਦਾ) ਦਾ (royalty, honor, and beauty)
v. ਕਾਂ – ਉਡੀਕ ਦਾ (wait)

**ਕੋਠੇ ਤੋਂ ਉੱਡ ਕਾਵਾਂ**

**ਸੱਦ ਪਟਵਾਰੀ ਨੂੰ**

**ਜਿੰਦ ਮਾਹੀਏ ਦੇ ਨਾਂ ਲਾਵਾਂ**

vi. ਘੋੜਾ (ਚਿੱਟਾ) : ਮਰਦਾਨਗੀ ਅਤੇ ਵਫਾਦਾਰੀ (manhood)
vii. ਮਨੁੱਖੀ ਅਕਾਰ : ਸਮਾਜਿਕ ਰਿਸ਼ਤੇ (relationship)
viii. ਮੱਛੀ-ਲਹਿਰਾਂ : ਆਜ਼ਾਦੀ ਅਤੇ ਆਨੰਦ (enjoyment of freedom)
ix. ਘੁੱਗੀ-ਚਿੜੀ-ਮਾਸੂਮੀਅਤ- ਕੁੜੀਆਂ-ਚਿੜੀਆਂ (innocence of girls)
x. ਬਗਲਾ – ਧੋਖੇਬਾਜ (cheater)

xi. ਕਾਟੋ : ਖਤਰੇ ਤੋਂ ਸੁਚੇਤ ਕਰਨ ਦਾ (danger alert)

xii. ਤਾਜਮਹੱਲ – ਸਦੀਵੀ ਪ੍ਰੇਮ ਦਾ (immortal love)

xiii. ਮੁੱਛ - ਮਰਦਾਵੀਂ ਹੈਂਕੜ, ਪਿਤਰੀਸੱਤਾ ਦੀ ਗਲੋਰੀਫਿਕੇਸ਼ਨ (male pride)

ਇਸ ਤੋਂ ਬਿਨਾਂ ਖਰਗੋਸ਼, ਕਾਟੋ, ਕੋਇਲ, ਹਿਰਨ, ਚੀਤਾ, ਬਿੱਲੀ, ਸ਼ੇਰ, ਹੰਸ, ਚੂਚਾ, ਤਿਤਲੀ, ਬੱਤਖ ਵਰਗੇ ਅਨੇਕਾਂ ਮੋਟਿਫ਼ ਹਨ ਜੋ ਪੰਜਾਬੀ ਜੀਵਨ ਵਿਚ ਮਨੁੱਖੀ ਸੰਵੇਦਨਾ ਨੂੰ ਪ੍ਰਗਟਾਉਂਦੇ ਦਿਸਦੇ ਹਨ।

**15. ਚਿੰਨ੍ਹ (Signs)**

i. ਚਿੜੀਆਂ ਦਾ ਚੰਬਾ : ਪਿਤਾ ਪੁਰਖੀ ਸਮਾਜ ਔਰਤ ਦੀ ਹੋਣੀ ਦਾ, ਜਿਥੇ ਧੀ ਨੇ ਅਗਲੇ ਘਰ ਜਾਣਾ ਹੁੰਦਾ ਹੈ, ਸਾਧਨਾਂ ਦੀ ਘਾਟ ਸਦਕਾ ਕਈ ਵਾਰ ਤ੍ਰਿੰਝਣਾਂ ਦੇ ਪੂਰਾਂ ਚੋਂ ਵਿਛੜੀਆਂ ਕੁੜੀਆਂ ਸਾਰੀਆਂ ਉਮਰ ਨਹੀਂ ਸੀ ਮਿਲ ਸਕਦੀਆਂ।

ii. ਤ੍ਰਿੰਝਣ : ਕਰਮ-ਭੂਮੀ

iii. ਦਰੀ ਦਾ ਅੱਡਾ : ਨਵੀਂ ਪੀੜ੍ਹੀ ਦਾ ਸਿਖਲਾਈ ਕੇਂਦਰ

iv. ਚਰਖਾ : ਮਨੁੱਖੀ ਦੇਹ

v. ਮੁੱਛ : ਮਰਦਾਵੀਂ ਹੈਂਕੜ

vi. ਦਰੀ : ਪਿਤਾ-ਪੁਰਖੀ ਸਮਾਜ ਵਿਚ ਔਰਤ ਦਾ ਸੰਘਰਸ਼ ਅਤੇ ਖੂਬਸੂਰਤੀ

**16. ਵਰਤੋਂ ਦਾ ਸਮਾਜਿਕ ਸੰਦਰਭ (Social relevance / Usages):**

i. **ਘਰ ਵਿਚ ਪ੍ਰਾਹੁਣਿਆਂ ਦੇ ਸਵਾਗਤ ਵਜੋਂ** : ਰੋਜ਼ਾਨਾ ਘਰਾਂ ਵਿਚ ਲੋੜਾਂ ਦੀ ਪੂਰਤੀ ਦਰੀਆਂ ਬੁਣੀਆਂ ਜਾਂਦੀਆਂ ਅਤੇ ਘਰ ਆਏ ਪ੍ਰਾਹੁਣੇ ਅਤੇ ਜਵਾਈ-ਭਾਈ ਨੂੰ ਨਵੀਂ ਦਰੀ ਵਿਛਾਈ ਜਾਂਦੀ।

ii. **ਪੂਰੀ ਬਰਾਤ ਦੇ ਸਵਾਗਤ ਲਈ** : ਜਦੋਂ ਕੁੜੀ ਦੀ ਬਰਾਤ ਆਉਂਦੀ ਤਾਂ ਸਵਾਗਤ ਵਿਚ ਕੋਰੇ-ਦਰੀਆਂ ਵਿਛਾ ਕੇ ਜੰਞ ਨੂੰ ਭੋਜਨ ਛਕਾਇਆ ਜਾਂਦਾ ਸੀ । ਉਸ ਨੂੰ ਖਾਣਾ ਖਵਾਉਣ ਲਈ ਹੇਠਾਂ ਕੋਰੇ (ਕੋਰੇ – ਟਾਟਨੁਮਾ ਦਰੀ) ਵਿਛਾਏ ਜਾਂਦੇ ਜੋ ਦਰੀ ਦੀ ਹੀ ਇਕ ਕਿਸਮ ਹਨ।

**ਅੱਜ ਨੀ ਮੇਰੇ ਘਰ ਨਵੇਂ ਸਾਜਨ ਆਏ**
**ਮੈਂ ਜੀ ਆਖਾਂ ਜੀ ਆਖਾਂ ਜੀ ਆਇਆਂ ਤੇ**
**ਦਰੀਆਂ ਵਛਾਵਾਂ, ਗਲੀਚੇ ਵਛਾਵਾਂ**
**ਮੈਂ ਕੋਰੇ ਵਛਾ ਦੇਵਾਂ ਜੀ ਆਇਆਂ ਤੇ (ਵਿਆਹ ਦਾ ਇੱਕ ਲੋਕ-ਗੀਤ)**

iii. **ਧੀ ਦੇ ਭਵਿੱਖ ਲਈ ਦਾਜ ਵਿਚ ਦਰੀਆਂ :** ਦਾਜ-ਦਹੇਜ ਦੀ ਪ੍ਰਥਾ ਸਾਡੇ ਪਿਤਰਕੀ ਸਮਾਜ ਵਿਚ ਕਈ ਸਦੀਆਂ ਪੁਰਾਣੀ ਹੈ। ਭਾਵੇਂ ਇਹ ਧੀ ਨੂੰ ਦਾਜ ਮੱਦਦ ਵਜੋਂ ਦਿੱਤਾ ਜਾਂਦਾ ਸੀ ਕਿ ਉਹ ਨਵਾਂ ਜੀਵਨ ਆਰੰਭ ਕਰਨ ਜਾ ਰਹੀ ਹੈ ਉਸ ਨੂੰ ਗੁਜ਼ਰ-ਬਸਰ ਵਿਚ ਕੋਈ ਮੁਸ਼ਕਿਲ ਨਾ ਆਵੇ। ਇਹ ਸਭ ਦੇਣ ਦਾ ਇਕ ਕਾਰਨ ਇਹ ਵੀ ਰਹਿੰਦਾ ਸੀ ਕਿ ਉਹ ਪਿਤਾ ਦੀ ਜਾਇਦਾਦ ਦੀ ਉਂਜ ਵਾਰਿਸ ਨਹੀਂ ਸੀ ਹੁੰਦੀ। ਇਸ ਦਾਜ ਵਿਚ ਬਰਤਨ, ਗਹਿਣੇ ਅਤੇ ਬਿਸਤਰੇ ਮੁਖ ਤੌਰ ਤੇ ਸ਼ਾਮਿਲ ਹੁੰਦੇ ਸਨ। ਹਰ ਪਰਿਵਾਰ ਆਪਣੀ ਹੈਸੀਅਤ ਮੁਤਾਬਿਕ ਬਿਸਤਰੇ ਦਿੰਦਾ ਸੀ, ਪੰਜ, ਸੱਤ, ਗਿਆਰਾਂ, ਇੱਕੀ। ਬਿਸਤਰੇ ਦੋ ਤਰਾਂ ਦੇ ਹੁੰਦੇ ਸਨ **ਕੱਚੇ ਬਿਸਤਰੇ ਅਤੇ ਪੱਕੇ ਬਿਸਤਰੇ।** ਕੱਚੇ ਬਿਸਤਰੇ ਵਿਚ ਦਰੀ ਚਾਦਰ ਅਤੇ ਸਰਹਾਣੇ ਹੁੰਦੇ ਸਨ ਜਦਕਿ ਪੱਕੇ ਬਿਸਤਰਿਆਂ ਵਿਚ ਰਜਾਈ ਵੀ ਸ਼ਾਮਿਲ ਹੁੰਦੀ ਸੀ। ਦਰੀ ਦੋਵਾਂ ਤਰਾਂ ਦੇ ਬਿਸਤਰਿਆਂ ਦਾ ਹਿੱਸਾ ਹੁੰਦੀ ਸੀ ।

**ਜੇ ਦਾਜ ਵਿਹੂਣੀ ਜਾਵੇਂਗੀ, ਤਾਂ ਕਿਸੇ ਭਲੀ ਨਾ ਭਾਵੇਂਗੀ,**
**ਓਥੇ ਸ਼ਹੁ ਨੂੰ ਕਿਵੇਂ ਰੀਝਾਵੇਂਗੀ, ਕੁਝ ਲੈ ਫ਼ਕਰਾਂ ਦੀ ਮੱਤ ਕੁੜੇ।**
**ਕੱਤ ਕੁੜੇ ਨਾ ਵੱਤ ਕੁੜੇ। (ਬੁੱਲ੍ਹੇ ਸ਼ਾਹ)**

iv. **ਲੰਮੀ ਅਤੇ ਸਹਿਜ ਵਿਉਂਤਬੰਦੀ:** ਦਰੀਆਂ ਬੁਣਨ ਦੀ ਤਿਆਰੀ ਕੁੜੀ ਦੇ ਵਿਆਹ ਤੋਂ ਕਈ ਸਾਲ ਪਹਿਲਾਂ ਆਰੰਭ ਹੋ ਜਾਂਦੀ ਸੀ। ਇਸ ਵਿਉਂਤਬੰਦੀ ਨਾਲ ਇਕਦਮ ਆਰਥਿਕ ਬੋਝ ਨਹੀਂ ਸੀ ਪੈਂਦਾ। ਜਿਹੜੀ ਸਾਉਣੀ ਕਪਾਹ ਚੰਗੀ ਹੋ ਜਾਂਦੀ , ਔਰਤਾਂ ਦਾ ਰੁਝੇਵਾਂ ਵੱਧ ਜਾਂਦਾ। ਉਹ ਕਪਾਹ ਚੁਗਦੀਆਂ, ਸੁਕਾਉਂਦੀਆਂ, ਵੇਲਦੀਆਂ ਅਤੇ ਪਿੰਜਦੀਆਂ । ਤੇ ਫੇਰ ਜਾ ਕੇ ਦਰੀਆਂ ਲਈ ਸੂਤ ਕੱਤਦੀਆਂ, ਅਟੇਰਦੀਆਂ ਅਤੇ ਰੰਗਦੀਆਂ। ਇਹ ਇੱਕ ਲੰਮੀ ਪ੍ਰਕਿਰਿਆ ਹੁੰਦੀ ਸੀ ਜਿਸ ਨੂੰ ਸਿਆਣੀਆਂ ਔਰਤਾਂ ਨਿਤ ਦੇ ਰੁਝੇਵਿਆਂ ਵਿਚ ਵੀ ਵਿਉਂਤ ਹੀ ਲੈਂਦੀਆਂ ਸਨ। ਇਹ ਪੰਜਾਬੀ ਔਰਤ ਦੇ ਇੱਕ ਚੰਗੀ ਪ੍ਰਬੰਧਕ ਹੋਣ ਦਾ ਸਬੂਤ ਵੀ ਦਿੰਦੀਆਂ।

v. **ਵੱਡਿਆਂ ਦੀ ਅਗਵਾਈ ਅਤੇ ਪਰੰਪਰਾ ਦਾ ਪ੍ਰਵਾਹ**: ਦਰੀ ਆਮ ਤੌਰ 'ਤੇ ਇੱਕ ਸਿਆਣੀ ਅਤੇ ਇੱਕ ਨੌਜਵਾਨ ਔਰਤ ਦੀ ਸਾਂਝ ਨਾਲ ਬੁਣੀ ਜਾਂਦੀ। ਇਸ ਕਾਰਜ ਵਿਚ ਵੱਡੀਆਂ ਔਰਤਾਂ ਖਾਸ ਕਰ ਦਾਦੀ, ਭੂਆ, ਚਾਚੀ, ਤਾਈ, ਮਾਮੀ, ਭਰਜਾਈ ਦੀ ਅਗਵਾਈ ਦਾ ਖਾਸ ਰੋਲ ਹੁੰਦਾ। ਉਹ ਜਵਾਨ ਹੋ ਰਹੀਆਂ ਕੁੜੀਆਂ ਲਈ ਰੁਝੇਵਾਂ ਬਣਾਈ/ਵਿਉਂਤੀ ਰਖਦੀਆਂ, ਉਹਨਾਂ ਨੂੰ ਆਹਰੇ ਲਾਈ ਰਖਦੀਆਂ । ਇਉਂ ਪਹਿਲੀ ਪੀੜ੍ਹੀ ਆਪਣੇ ਹੁਨਰ ਨੂੰ ਦੂਜੀ ਪੀੜ੍ਹੀ ਤੱਕ ਅੱਗੇ ਤੋਰਦੀ/ਪ੍ਰਵਾਹਿਤ ਕਰਦੀ ਵੀ ਨਜ਼ਰ ਆਉਂਦੀ ਹੈ ਅਤੇ ਉਹਨਾਂ ਦੇ ਮਨ ਨੂੰ ਭਟਕਣ ਤੋਂ ਬਚਾਉਂਦੀ ਵੀ ਦਿਸਦੀ ਹੈ।

**vi. ਸਹੇਲਪੁਣਾ-ਭਾਈਚਾਰਾ-ਅਤੇ ਬਿੜ੍ਹੀ ਦਾ ਵੱਟਾ ਵੀ :** ਦਰੀਆਂ ਰੋਜ਼ਾਨਾ ਜੀਵਨ ਦਾ ਲਗਭਗ ਰੁਝੇਵਾਂ ਬਣੀਆਂ ਰਹਿੰਦੀਆਂ। ਇਹ ਕਿਤੇ ਖਤਮ ਨਹੀਂ ਸੀ ਹੁੰਦਾ। ਆਮ ਤੌਰ 'ਤੇ ਦਰੀਆਂ ਸਹੇਲੀਆਂ , ਮਾਂ-ਧੀ, ਨਣਦ-ਭਰਜਾਈ ਰਲ਼ ਕੇ ਬੁਣਦੀਆਂ ਪਰ ਕਿਤੇ ਕਿਤੇ ਇਹ ਬਿੜੀ ਦਾ ਵੱਟਾ ਵੀ ਹੁੰਦੀਆਂ। ਇਹ ਇੱਕ ਮੌਖਿਕ ਸਹਿਮਤੀ ਹੁੰਦੀ ਕਿ ਮੈਂ ਤੇਰੇ ਨਾਲ ਪੰਜ ਦਰੀਆਂ ਬੁਣਵਾਉਂ ਤੂੰ ਮੇਰੇ ਨਾਲ ਪੰਜ ਬੁਣਵਾ ਦੇਈਂ । ਇਹ ਰਕਾਨ ਔਰਤਾਂ ਦਾ ਆਪਸੀ ਤੈਅਸ਼ੁਦਾ ਪ੍ਰੋਗਰਾਮ ਹੁੰਦਾ। ਕਿਤੇ-ਕਿਤੇ ਕੋਈ ਦਿਹਾੜੀ ਤੇ ਵੀ ਔਰਤ ਨਾਲ ਲੱਗ ਜਾਂਦੀ। ਭਾਵ ਦਰੀਆਂ ਤਿਆਰ ਕਰਨ ਲਈ ਹਰ ਹੀਲਾ ਵਰਤਿਆ ਜਾਂਦਾ ਕਿਉਂਕਿ ਇਨ੍ਹਾਂ ਬਿਨਾਂ ਗੁਜ਼ਾਰਾ ਔਖਾ ਹੁੰਦਾ।

vii. **ਕਾਬਲੀਅਤ ਦੀ ਪਰਖ :** ਦਾਜ ਵਿਚ ਆਈਆਂ ਦਰੀਆਂ ਅਸਲ ਵਿਚ ਕੁੜੀ ਦੀ ਕਾਬਲੀਅਤ ਦੀ ਪਰਖ ਦਾ ਆਧਾਰ ਹੁੰਦੀਆਂ। ਦਰੀਆਂ ਦੀ ਗਿਣਤੀ, ਦਰੀਆਂ ਦੇ ਨਮੂਨੇ ਅਤੇ ਬੁਣਤ ਵਿਚ ਸਫਾਈ ਤੋਂ ਸਿਆਣੀਆਂ ਔਰਤਾਂ ਸਹਿਜੇ ਹੀ ਨਵੀਂ ਵਿਆਹੀ ਦੇ ਚੱਜ-ਆਚਾਰ ਦਾ ਅੰਦਾਜ਼ਾ ਲਾ ਲੈਂਦੀਆਂ ਸਨ।

viii. **ਹੁਕਮ ਚਲਾਉਣ ਦਾ ਰਾਹ :** ਬਹੁਤੀ ਵਾਰ ਨਵੀਂ ਵਿਆਹੀ ਨੂੰ ਇਹ ਤਾਕੀਦ ਵੀ ਕਰ ਦਿੱਤੀ ਜਾਂਦੀ ਕਿ ਬਿਨਾਂ ਪੁੱਛੇ ਕਿਸੇ ਨੂੰ ਦਰੀ ਦਾ ਨਮੂਨਾ ਨਹੀਂ ਦੇਣਾ। ਇਹ ਵੱਡੀ ਔਰਤ ਦਾ ਨਵੀਂ ਉੱਪਰ ਕੰਟਰੋਲ ਬਣਾਉਣ ਦਾ ਤਰੀਕਾ ਵੀ ਹੁੰਦਾ ਅਤੇ ਆਪਣੇ ਘਰ ਆਈਆਂ ਦਰੀਆਂ ਦੇ ਨਮੂਨੇ ਦੇ ਵਿਲੱਖਣ ਹੋਣ ਦਾ ਮਾਣ ਵੀ।

ix. **ਨਮੂਨਿਆਂ ਦੀ ਤਲਾਸ਼ ਅਤੇ ਲੈਣ-ਦੇਣ ਦਾ ਸਹਿਚਾਰ :** ਘਰਾਂ ਦੀ ਲੋੜ ਲਈ ਭਾਵੇਂ ਦਰੀਆਂ ਸਿੱਧ-ਪੱਧਰੀਆਂ ਫੱਟੀਆਂ ਵਾਲੀਆਂ ਜਾਂ ਡੱਬਿਆਂ ਵਾਲੀਆਂ ਬੁਣ ਲਈਆਂ ਜਾਂਦੀਆਂ ਪਰ ਵਿਸ਼ੇਸ਼ ਲੋੜਾਂ ਲਈ ਦਰੀਆਂ ਲਈ ਵੰਨ-ਸੁਵੰਨੇ ਸੁਵੰਨੇ ਤਲਾਸ਼ੇ ਜਾਂਦੇ। ਇੱਕ ਤੋਂ ਅੱਗੇ ਇੱਕ ਨਮੂਨਿਆਂ ਦੀ ਦੱਸ ਪੈਂਦੀ ਰਹਿੰਦੀ। ਨਮੂਨੇ ਲਈ ਦਰੀ ਮੰਗਣ ਲਈ ਤਰਲੇ ਕਰਨੇ ਪੈਂਦੇ ਜਾਂ ਦੇਣ ਵਾਲੇ ਦੇ ਨਖਰੇ ਝੱਲਣੇ ਪੈਂਦੇ। ਇਹ ਧਿਆਨ ਰਖਿਆ ਜਾਂਦਾ ਕਿ ਨਮੂਨੇ ਵਾਲੀ ਦਰੀ ਗੰਦੀ ਹੋਣ ਤੋਂ ਜ਼ਰੂਰ ਬਚਾਈ ਜਾਵੇ ਕਿਉਂਕਿ ਦਰੀਆਂ ਧੋਤੀਆਂ ਨਹੀਂ ਸੀ ਜਾਂਦੀਆਂ। ਬਹੁਤੀ ਵਾਰੀ ਨਵੇਂ ਨਮੂਨਿਆਂ ਵਾਲੀਆਂ ਦਰੀਆਂ ਲੁਕੋ ਕੇ ਬੁਣੀਆਂ ਜਾਂਦੀਆਂ। ਕਈ ਵਾਰ ਬੰਦੇ ਵੀ ਕਿਤੇ ਬਾਹਰ ਗਏ ਚੰਗਾ ਨਮੂਨਾ ਦੇਖ ਆਉਂਦੇ। ਇਹ ਵੱਖਰੀ ਕਿਸਮ ਦਾ ਸਹਿਚਾਰ ਹੁੰਦਾ ਜਿਸ ਦੀ ਆਪਣੀ ਖੂਬਸੂਰਤੀ ਸੀ।

x. **ਵਿਹਲ ਦਾ ਕਲਾਤਮਕ ਢੰਗ ਨਾਲ ਸਦਉਪਯੋਗ(creatively time pass with friends) :** ਕਲਾ ਮਨੁੱਖ ਦੇ ਸਿਰਜਣਾਤਮਕ ਪਲਾਂ ਦਾ ਸਿੱਟਾ ਹੁੰਦੀ ਹੈ। ਔਰਤਾਂ ਦਾ ਇਹ ਰੁਝੇਵਾਂ ਉਨ੍ਹਾਂ ਨੂੰ ਚੰਗੀਆਂ ਤੇ ਸੁਚੱਜੀਆਂ ਕਲਾਕਾਰ ਬਣਾ ਦਿੰਦਾ। ਨਮੂਨੇ ਅਤੇ ਰੰਗਾਂ ਦੀ ਚੋਣ ਕਰਦਿਆਂ ਉਹਨਾਂ ਦਾ ਹੁਨਰ ਹੋਰ ਨਿਖਰਦਾ ਅਤੇ ਉਹਨਾਂ ਦੇ ਸੁਹਜ ਦਾ ਪੱਧਰ ਬਦਲਦਾ ਜਾਂਦਾ। ਦਰੀਆਂ ਵਿਚ ਪਾਏ ਜਾਣ ਵਾਲੇ ਗੂੜੇ ਹਰੇ-ਲਾਲ-ਗੁਲਾਬੀ ਰੰਗ ਉਹਨਾਂ ਦੀ ਅਸਲ ਮਟਮੈਲੀ ਜਿਹੀ ਜ਼ਿੰਦਗੀ ਵਿਚ ਇੱਕ ਖੇੜੇ ਦੀ ਲਹਿਰ ਪੈਦਾ ਕਰਦੇ। ਇਹ

ਕੇਵਲ ਸੁਹਜ ਤ੍ਰਿਪਤੀ ਦਾ ਮਾਧਿਅਮ ਹੀ ਨਹੀਂ ਸੀ ਬਣਦੇ ਬਲਕਿ ਔਰਤ ਦੇ ਮਨੋਵੇਗਾਂ ਨੂੰ ਰਾਹ ਵੀ ਦਿੰਦੇ ਦਿਸਦੇ ਹਨ।

xi. **ਨਵੀਨਤਾ ਦਾ ਰਾਹ:** ਇਹ ਹੁਨਰਮੰਦ ਔਰਤਾਂ ਲਗਾਤਾਰ ਦਰੀਆਂ ਲਈ ਕੁਝ ਨਵੀਨ ਤਲਾਸ਼ਦੀਆਂ ਰਹਿੰਦੀਆਂ। ਇਹ ਚਾਹੇ ਇਤਿਹਾਸ ਮਿਥਿਹਾਸ ਦਾ ਕੋਈ ਪਾਤਰ ਹੋਵੇ ਚਾਹੇ ਤਕਨਾਲੋਜੀ ਦੇ ਯੁੱਗ ਦਾ ਕੋਈ ਨਵਾਂ ਕਰਿਸ਼ਮਾ, ਉਹ ਹੌਲੀ ਹੌਲੀ ਦਰੀ ਦੇ ਨਮੂਨਿਆਂ ਵਿਚ ਸ਼ਾਮਿਲ ਹੋ ਜਾਂਦਾ। ਨਮੂਨੇ ਵਜੋਂ ਜਿਵੇਂ ਜਿਵੇਂ ਆਵਾਜਾਈ ਦੇ ਸਾਧਨਾਂ ਦੀ ਜਾਣਕਾਰੀ ਪੇਂਡੂ ਜੀਵਨ ਤੱਕ ਪਹੁੰਚਦੀ ਰਹੀ ਉਹ ਨਮੂਨਿਆਂ ਦੇ ਰੂਪ ਵਿਚ ਸ਼ਾਮਿਲ ਹੁੰਦੇ ਗਏ ਜਿਵੇਂ ਦਰੀਆਂ ਵਿਚ ਪਾਏ ਸਾਈਕਲ, ਕਾਰ ਅਤੇ ਜਹਾਜ ਦੇ ਮੋਟਿਫ ਦੇਖੇ ਜਾ ਸਕਦੇ ਹਨ।

xii. **ਸਮਾਜਿਕ ਪ੍ਰਵਾਨਗੀ (social acceptance):** ਸਭਿਆਚਾਰ ਦੀ ਅਗਲੀ ਮੁੱਖ ਵਿਸ਼ੇਸ਼ਤਾ ਇਸਦੇ ਜਨ ਸਮੂਹ ਨੂੰ ਜੀਵਨ ਅਤੇ ਵਿਸ਼ਵ ਦ੍ਰਿਸ਼ਟੀਕੋਣ ਪ੍ਰਦਾਨ ਕਰਨ ਵਿੱਚ ਹੈ। ਮਨੁੱਖ ਨੇ ਆਪਣੇ ਜੀਵਨ ਸੰਘਰਸ਼ ਵਿਚੋਂ ਹਰੇਕ ਸਮਾਜਿਕ ਘਟਨਾ, ਵਰਤਾਰੇ ਬਾਰੇ ਇੱਕ ਦ੍ਰਿਸ਼ਟੀਕੋਣ ਪ੍ਰਾਪਤ ਕੀਤਾ ਹੁੰਦਾ ਹੈ। ਜਿਸ ਅਨੁਸਾਰ ਉਹ ਹਰੇਕ ਪੱਖ, ਰੂਪ ਨੂੰ ਸਮਝਦਾ ਅਤੇ ਪ੍ਰਵਾਨ ਕਰਦਾ ਹੈ। ਹਰ ਸਭਿਆਚਾਰ ਇੱਕ ਖਾਸ ਕੋਣ ਤਕ ਤੁਹਾਨੂੰ ਪਰਾਹਨ ਦੀ ਖੁੱਲ੍ਹ ਦਿੰਦਾ ਹੈ। ਦਰੀਆਂ ਦੇ ਇਸ ਅੱਡੇ 'ਤੇ ਔਰਤਾਂ ਇੱਛਿਤ ਸਾਥੀ ਬਾਰੇ ਖੁੱਲ੍ਹ ਕੇ ਕਲੋਲ ਕਰ ਲੈਂਦੀਆਂ। ਉਸ ਨੂੰ ਕਦੇ ਬਾਗਾਂ ਦਾ ਤੋਤਾ ਬਣਾ ਲੈਂਦੀਆਂ ਕਦੇ ਸਰਵਰਾਂ ਦਾ ਹੰਸ। ਉਹ ਸਾਹਿਬਾਂ ਦੀ ਪੀੜ ਜਾਣਦੀਆਂ ਸਨ ਜੋ ਭਰਾਵਾਂ ਅਤੇ ਪ੍ਰੇਮੀ ਦੇ ਪ੍ਰੇਮ ਦੇ ਦਵੰਦ ਵਿਚ ਫਸ ਕੇ ਮੋਈ ਸੀ। ਪੰਜਾਬੀ ਦਾ ਸਾਹਿਤ ਇਸ ਪ੍ਰੇਮੀ ਜੋੜੇ ਨੂੰ ਮਿਰਜ਼ਾ-ਸਾਹਿਬਾਂ ਕਰਕੇ ਚਿਤਰਦਾ ਹੈ ਜਦਕਿ ਬਾਕੀ ਸਾਰੀਆਂ ਪ੍ਰੇਮ ਕਥਾਵਾਂ ਵਿਚ ਪ੍ਰੇਮਿਕਾ ਦਾ ਨਾਂ ਪਹਿਲਾਂ ਆਉਂਦਾ ਹੈ ਜਿਵੇਂ ਹੀਰ-ਰਾਂਝਾ, ਸੱਸੀ ਪੁੰਨੂ ਆਦਿ। ਪਰ ਦਰੀਆਂ ਦੇ ਨਮੂਨੇ ਵਿਚ ਸਾਹਿਬਾਂ-ਮਿਰਜ਼ਾ ਲਿਖਿਆ ਮਿਲਦਾ ਹੈ। ਇਹ ਔਰਤ ਦੀ ਆਪਣੀ ਕਿਸਮ ਦੀ ਲੋਕ ਇਤਿਹਾਸਕਾਰੀ ਹੈ ਜਿਸ ਦੀ ਕਚਹਿਰੀ ਵਿਚ ਉਹ ਆਪਣਾ ਪੱਖ ਦਰਜ ਕਰਵਾਉਂਦੀਆਂ ਹਨ।

xiii. **ਸਿਖਲਾਈ ਦਾ ਅੱਡਾ (Training centre)** ਦਰੀਆਂ ਬੁਣਨ ਲਈ ਔਰਤਾਂ ਅੱਡਾ ਲਾਉਂਦੀਆਂ। ਇਹ ਕੇਵਲ ਦਰੀਆਂ ਦਾ ਅੱਡਾ ਹੀ ਨਹੀਂ ਸੀ ਹੁੰਦਾ ਬਲਕਿ ਨਵਿਆਂ ਨੂੰ ਕੰਮ ਦੀ ਜਾਚ ਸਿਖਾਉਣ ਦਾ ਅੱਡਾ ਵੀ ਹੁੰਦਾ। ਇਥੇ ਹੀ ਉਹ ਖੁਸ਼ੀ-ਗਮੀ ਦੇ ਗੀਤ ਗਾਉਣੇ ਸਿਖਦੀਆਂ। ਹਾਸੇ-ਮਖੌਲ ਵਿਚ ਹੋਣ ਵਾਲੀ ਸੱਸ ਦਾ ਸਿਆਪਾ ਵੀ ਕਰ ਲੈਂਦੀਆਂ। ਇਹ ਹਾਸੇ-ਖੇਡੇ ਸਹਿਜੇ ਹੀ ਉਹਨਾਂ ਨੂੰ ਮਾਨਸਿਕ ਰੂਪ ਵਿਚ ਤਿਆਰ ਕਰ ਦਿੰਦੇ ਕਿ ਉਹਨਾਂ ਇਹ ਘਰ ਛੱਡ ਕੇ ਜਾਣਾ ਹੈ ਅਤੇ ਓਥੇ ਕਿਵੇਂ ਵਿਚਰਨਾ ਹੈ ਆਦਿ। ਕੁੱਲ ਮਿਲਾ ਕੇ ਇਹ ਅਜੋਕੇ ਕਿਸਮ ਦੇ ਕਰੈਸ਼ ਕੋਰਸ ਹੁੰਦੇ ਜਿਥੇ ਛੋਟੇ-ਛੋਟੇ ਦਿਲਚਸਪ ਯਤਨਾਂ ਸਦਕਾ ਕੁੜੀਆਂ ਜੀਵਨ ਜਿਉਣ ਦੀ ਕਲਾ ਸਿੱਖ ਲੈਂਦੀਆਂ ਸਨ।

xiv. **ਕਥਾਰਸਸ (Catharsis) :** ਇਸੇ ਦੌਰਾਨ ਉਹ ਲੋਕ ਗੀਤ, ਸੁਹਾਗ ਆਦਿ ਵੀ ਗਾਉਣੇ ਸਿਖ ਲੈਂਦੀਆਂ। ਔਰਤ ਦੀ ਵੇਦਨਾ ਦੇ ਕਥਾਰਸਸ ਦਾ ਇਹ ਵੱਡਾ ਰਾਹ ਬਣਦੇ। ਨਮੂਨਿਆਂ ਵਿਚ ਰੰਗ ਭਰਦੀਆਂ ਉਹ ਜ਼ਿੰਦਗੀ ਦੇ ਕਿੰਨੇ ਸੰਸਾਰਾਂ ਨੂੰ ਗਾਹ ਆਉਂਦੀਆਂ ਅਤੇ ਖੂਬਸੂਰਤ ਭਵਿੱਖ ਦੀ ਕਲਪਨਾ ਸੰਜੋ ਲੈਂਦੀਆਂ। ਆਪਣੇ ਇਸ ਖੋਜ-ਪੱਤਰ ਦੇ ਆਰੰਭ ਵਿਚ ਵੀ ਇੱਕ ਅਜਿਹੀ ਔਰਤ ਦੀ ਕਹਾਣੀ ਦੱਸੀ ਗਈ ਹੈ ਜੋ ਆਪਣੇ ਨਿਤ ਦੇ ਦਰਦ ਚੋਂ ਨਿਕਲਣ ਲਈ ਕਲਾ ਦਾ ਰਾਹ ਫੜ੍ਹਦੀ ਹੈ। ਉਹ ਦੱਸਦੀ ਹੈ ਕਿ ਜਿਸ ਦਿਨ ਦਰੀ ਉਤਰਦੀ ਮੈਂ ਕਈ ਕਈ ਦਿਨ ਉੱਡੀ ਫਿਰਦੀ। ਮਾੜੇ ਅਤੇ ਔਖੇ ਹਾਲਾਤ ਵਿਚ ਵੀ ਕਲਾ ਤੁਹਾਨੂੰ ਜਿਉਂਦਾ ਰਖਦੀ ਹੈ, ਇਸਦੀ ਉਹ ਕਿੰਨੀ ਖੂਬਸੂਰਤ ਅਤੇ ਪ੍ਰਤੱਖ ਉਦਾਹਰਨ ਸੀ।

xv. **ਆਪਣਾ ਦੇਸ ਤਲਾਸ਼ਦਾ ਚਿੜੀਆਂ ਦਾ ਚੰਬਾ:** ਦਰੀਆਂ ਬੁਣਦੀਆਂ ਇਹ ਭਰ ਜਵਾਨ ਕੁੜੀਆਂ ਦਾ ਸਹਿਚਾਰ ਅਤੇ ਸਹੇਲਪੁਣਾ ਦਰੀਆਂ ਦੇ ਅੱਡੇ ਤੇ ਪੁੱਗਦਾ ਅਤੇ ਪ੍ਰਵਾਨ ਚੜ੍ਹਦਾ। ਉਹ ਜਾਣਦੀਆਂ ਸਨ ਪਿਤਾ-ਪੁਰਖੀ ਇਸ ਸਮਾਜ ਵਿਚ ਉਨ੍ਹਾਂ ਇਹ ਘਰ ਛੱਡ ਪਤਾ ਨਹੀਂ ਕਿਸ ਦੇਸ ਤੁਰ ਜਾਣਾ ਹੈ। ਭਾਵੇਂ ਇਸ ਦੇਸ ਦੀ ਕਲਪਨਾ ਬਹੁਤ ਰੁਮਾਂਚਿਤ ਕਰਦੀ ਪਰ ਉਹ ਇਹ ਵੀ ਜਾਣਦੀਆਂ ਸਨ ਕਿ ਉਨ੍ਹਾਂ ਹਾਣਦੀਆਂ ਨੇ ਵਿਛੜਨ ਮਗਰੋਂ ਪਤਾ ਨਹੀਂ ਸਾਰੀ ਉਮਰ ਮਿਲਣਾ ਵੀ ਹੈ ਕਿ ਨਹੀਂ। ਸੱਚਮੁੱਚ ਆਵਾਜਾਈ ਦੇ ਸਾਧਨਾਂ ਦੀ ਘਾਟ ਅਤੇ ਹੋਰ ਸਮਾਜਿਕ ਕਾਰਨਾਂ

ਕਰਕੇ ਕਈ ਵਾਰ ਸਹੇਲੀਆਂ ਬਿਨ ਮਿਲਿਆਂ ਹੀ ਮਰ-ਮੁੱਕ ਜਦੀਆਂ। ਸਹੇਲੀਆਂ ਨਾਲ ਸੰਜੋਈਆਂ ਜਾਂਦੀਆਂ ਯਾਦਾਂ ਨੂੰ ਉਹ ਹਰ ਹੀਲੇ ਦਿਲ ਵਿਚ ਸਾਂਭ ਲੈਣਾ ਚਾਹੁੰਦੀਆਂ ਸਨ। ਇਸੇ ਤੱਥ ਨੂੰ ਉਜਾਗਰ ਕਰਦੇ ਕੁਝ ਅਜਿਹੇ ਨਮੂਨੇ ਵੀ ਮਿਲੇ ਜਿਸ ਵਿਚ ਦਰੀਆਂ ਦੀਆਂ ਕੰਨੀਆਂ ‘ਤੇ ਸਹੇਲੀਆਂ ਨੇ ਆਪਣੇ ਨਾਂ ਵੀ ਬੁਣੇ ਹੋਏ ਹਨ। ਸਾਰੀ ਉਮਰ ਯਾਦ ਵਾਂਗ ਸਾਂਭਣ ਲਈ।

xvi. **ਕੁਦਰਤ ਦੇ ਸਮਾਨਾਂਤਰ ਸਿਰਜਿਆ ਸਭਿਆਚਾਰ (Culture meditates nature) :** ਅਮਰੀਕੀ ਮਾਨਵ ਵਿਗਿਆਨੀ ਹਿਰਸਕੋਵਿਤਸ ਅਨੁਸਾਰ, "ਸਭਿਆਚਾਰ ਵਾਤਾਵਰਣ ਦਾ ਮਨੁੱਖ-ਸਿਰਜਿਆ ਭਾਗ ਹੈ।" ਗੁਰਬਖਸ਼ ਸਿੰਘ ਫਰੈਂਕ ਵੀ ਲਿਖਦੇ ਹਨ ਇਹ ਉਸਦਾ ਕੁਦਰਤ ਨੂੰ ਵਰਤ ਕੇ, ਕੁਦਰਤ ਦੇ ਸਮਾਨਾਂਤਰ ਸਿਰਜਿਆ ਸਭਿਆਚਾਰ ਹੈ। ਦਰੀਆਂ ਬੁਣਦੀ ਔਰਤ ਕੁਦਰਤ ‘ਚੋਂ ਫੁੱਲ ਤੱਕਦੀ ਹੈ ਅਤੇ ਗੁਲਦਸਤਾ ਬਣਾ ਕੇ ਦਰੀਆਂ ਦੇ ਫੁੱਲਦਾਨ ‘ਚ ਚ ਸਜਾ ਵੀ ਲੈਂਦੀ ਹੈ ।

xvii. **ਜਾਤ-ਪ੍ਰਥਾ ਪਰ ਅੰਤਰ-ਨਿਰਭਰਤਾ:** ਪੰਜਾਬੀ ਸਮਾਜ ਭਾਵੇਂ ਜਾਤ-ਪ੍ਰਥਾ ਦੀ ਅਲਾਮਤ ਦਾ ਸ਼ਿਕਾਰ ਹੈ ਪਰ ਸ਼ਿਲਪ ਅਤੇ ਹੁਨਰ ਪੱਖੋਂ ਇਹ ਆਪਸੀ ਸਹਿਚਾਰ ਅਤੇ ਭਾਈਚਾਰੇ ਦੀ ਖੂਬਸੂਰਤੀ ਦਾ ਲਖਾਇਕ ਵੀ ਹੈ। ਦਰੀ ਦਾ ਕੰਮ ਵਿਉਂਤਣ ਲਈ ਸੁਆਣੀਆਂ ਨੂੰ ਤਰਖਾਣ, ਜੁਲਾਹੇ ਅਤੇ ਤੇਲੀ ਦੀ ਲੋੜ ਪੈਂਦੀ । ਇਸੇ ਲਈ ਇਹ ਅਖਾਣ ਹੋਂਦ ਵਿਚ ਆਇਆ ਹੋਵੇਗਾ : **ਤੰਦ ਨਾ ਤਾਣੀ, ਜੁਲਾਹੇ ਨਾਲ ਡਾਂਗੋ-ਡਾਂਗੀ।** ਬਿਨਾ ਸ਼ੱਕ ਤਰਖਾਣ ਅੱਡਾ ਬਣਾ ਦਿੰਦਾ ਸੀ, ਤੇਲੀ ਰੂੰ ਪਿੰਜ ਦਿੰਦਾ ਸੀ, ਜੁਲਾਹਾ ਤਾਣੇ ਦੀ ਮੱਦਦ ਕਰ ਦਿੰਦਾ ਸੀ ਅਤੇ ਇਹ ਲੋਕ ਹਾੜੀ-ਸੌਣੀ ਆਪਣੀ ਮਿਹਨਤ ਲੈ ਲੈਂਦੇ ਸਨ। ਇਉਂ ਦਰੀ ਦੀ ਟੈਕਸਟ ਪੰਜਾਬੀ ਸਭਿਆਚਾਰ ਦੇ ਜਾਤੀ-ਸਹਿਚਾਰ ਦੀ ਕਹਾਣੀ ਵੀ ਦੱਸਦੀ ਹੈ।

xviii. **ਭਵਿੱਖ ਦੀ ਸੁੰਦਰ ਕਲਪਨਾ** : ਦਰੀਆਂ ਤਣਦਿਆਂ, ਦਰੀਆਂ ਬੁਣਦਿਆਂ, ਜ਼ਿਹਨ ਚ ਖੂਬਸੂਰਤ ਨਮੂਨਿਆਂ ਨੂੰ ਦਰੀਆਂ ਤੇ ਉਤਾਰਦਿਆਂ ਦਰੀਆਂ ਦੇ ਇਸ ਤਾਣੇ-ਪੇਟੇ ਵਿਚ ਭਵਿੱਖ ਦੀ ਖੂਬਸੂਰਤ ਕਲਪਨਾ ਵੀ ਪਈ ਰਹਿੰਦੀ ਸੀ। ਸੋਹਣੇ ਬਾਗ, ਬਾਗਾਂ ਵਿਚ ਤੋਤੇ, ਅੰਬ ਦੇ ਬੂਟੇ ਨੂੰ ਪਾਣੀ ਪਾਉਂਦੀ ਭਾਬੀ ਅਤੇ ਪਰੀ ਬਾਗ ਵਿਚ ਖੜੀ, ਛਣਕਣੇ ਵਾਲਾ ਕਾਕਾ ਆਦਿ ਦਰੀਆਂ ਅਜਿਹੇ ਅਨੇਕਾਂ ਨਮੂਨੇ ਹਨ ਜੋ ਔਰਤ ਅੰਦਰ ਪਈਆਂ ਭਵਿੱਖ ਦੀਆਂ ਤਰੰਗਾਂ ਦੀ ਧੁਨ ਛੇੜਦੇ ਦਿਸਦੇ ਹਨ।

xix. **ਪੇਂਡੂ ਜੀਵਨ ਅਤੇ ਵਿੱਦਿਆ ਦਾ ਅਸਰ** : ਅੱਜਕੱਲ੍ਹ ਪੰਜਾਬ ਵਿਚ ਕੁੜੀਆਂ ਉੱਚ ਵਿੱਦਿਆ ਲੈ ਰਹੀਆਂ ਹਨ ਪਰ ਇਸਦੇ ਸਮਾਨਾਂਤਰ ਉਹ ਪਿੰਡ ਵੀ ਹਨ ਜਿਥੇ ਵੀਹਵੀਂ ਸਦੀ ਦੇ ਆਖਰੀ ਦਹਾਕੇ ਤੱਕ ਸਕੂਲ ਨਹੀਂ ਸਨ ਪਹੁੰਚੇ। ਮੁੰਡਿਆਂ ਨਾਲੋਂ ਕੁੜੀਆਂ ਨੂੰ ਸਕੂਲ ਭੇਜਣ ਲਈ ਦੇਰ ਤੱਕ ਸੰਕੋਚ ਹੀ ਕੀਤਾ ਜਾਂਦਾ ਰਿਹਾ। ਜੇ ਭੇਜਿਆ ਵੀ ਗਿਆ ਤਾਂ ਉਸਦੀ ਵੀ ਇੱਕ ਸੀਮਾ ਹੀ ਹੁੰਦੀ। ਪਰ ਦਰੀਆਂ ਦੀ ਟੈਕਸਟ ਦੱਸਦੀ ਹੈ ਕਿ ਕੁੜੀਆਂ ਵਿਚ ਵਿੱਦਿਆ ਲਈ ਆਕਰਸ਼ਣ ਬਹੁਤ ਸੀ। ਦਰੀਆਂ ਦੇ ਅਨੇਕਾਂ ਨਮੂਨਿਆਂ ਵਿਚ ਪੰਜਾਬੀ ਅਤੇ ਰੋਮਨ ਅੱਖਰਾਂ ਨਾਲ ਲਿਖੇ ਸ਼ਬਦ ਮਿਲਦੇ ਹਨ ਕਈ ਵਾਰ ਪੂਰੇ ਪੂਰੇ ਵਾਕ ਵੀ। ‘ਪਾਲੀ ਪਾਣੀ ਖੂਹ ਤੋਂ ਭਰੇ’ ਗੀਤ ਆਧਾਰਿਤ ਦਰੀ ਵਿਚ ਪਹਿਲਾ ਵਾਕ ਅਤੇ ਮਗਰੋਂ ‘ਹੋ-ਹੋ ਹੋ-ਹੋ ਹੋ-ਹੋ ਵੀ ਲਿਖਿਆ ਮਿਲਦਾ ਹੈ। ਮਿਰਜ਼ਾ ਸਾਹਿਬਾ ਦੀ ਦਰੀ ਵਿਚ ਪਾਤਰਾਂ ਦੇ ਨਾਂ ਸਾਹਿਬਾਂ ਮਿਰਜ਼ਾ ਲਿਖੇ ਹੋਏ ਹਨ। ਕੁਝ ਦਰੀਆਂ ਦੀਆਂ ਕੰਨੀਆਂ ‘ਤੇ ਬੁਣਨ ਵਾਲੀਆਂ ਸਹੇਲੀਆਂ ਨੇ ਆਪਣੇ ਨਾਂ ਬੁਣ ਕੇ ਦਰਜ ਕੀਤੇ ਹਨ। ਰੋਮਨ ਵਿਚ ਲਿਖੇ ਸ਼ਬਦ ਜਿਵੇਂ Tray, Cup plate, welcome ਵੀ ਮਿਲਦੇ ਹਨ। ਭਾਵੇਂ ਕਿਤੇ-ਕਿਤੇ ਇਹਨਾਂ ਦੇ ਸ਼ਬਦ-ਜੋੜ ਜਾਂ ਅੱਖਰਾਂ ਦੀ ਬਣਤ ਠੀਕ ਨਹੀਂ ਪਰ ਕੋਸ਼ਿਸ਼ ਸਲਾਹੁਣਯੋਗ ਹੈ। ਬਿਨਾਂ ਸ਼ੱਕ ਦਰੀ ਵਿਚ ਅੱਖਰ ਬੁਣਨ ਦਾ ਕੰਮ ਕੋਈ ਮਾਹਿਰ , ਅੱਖਰਾਂ ਵਿਚ ਦਿਲਚਸਪੀ ਰੱਖਣ ਵਾਲੀ ਰਕਾਨ ਹੀ ਕਰ ਸਕਦੀ ਹੈ। ਇਹ ਕੁੜੀਆਂ ਦੀ ਨਵੀਨਤਾ ਅਤੇ ਵਿੱਦਿਆ ਪ੍ਰਤਿ ਆਕਰਸ਼ਣ ਦਾ ਖੂਬਸੂਰਤ ਸੰਕੇਤ ਵੀ ਹੈ।

**xx. ਵਿਰੋਧੀ ਪਰ ਸਹਿਚਾਰੀ ਜੁੱਟ :** ਦਰੀਆਂ ਦੀ ਸੱਭਿਆਚਾਰਕ ਟੈਕਸਟ ਨੂੰ ਦੇਖਦਿਆਂ ਸਮਾਜਿਕ ਵਰਤਾਰੇ ਦੇ ਅਨੇਕਾਂ ਵਿਰੋਧੀ ਅਤੇ ਸਹਿਚਾਰੀ ਗੁੱਟ ਸਾਹਮਣੇ ਆਂਦੇ ਹਨ ਜਿਵੇਂ ਪੇਕਾ-ਸਹੁਰਾ, ਕੱਚੇ-ਪੱਕੇ, ਤਾਣਾ-ਪੇਟਾ, ਵਿਆਹ-

ਸੱਥਰ, ਬਜ਼ੁਰਗ-ਜਵਾਨ, ਜਾਈਆਂ-ਪਰਾਈਆਂ, ਮਾਂ-ਧੀ, ਸੱਸ-ਨੂੰਹ, ਨਣਦ-ਭਰਜਾਈ, ਨਵੀਂ-ਪੁਰਾਣੀ, ਪੁਰਾਤਨਤਾ-ਨਵੀਨਤਾ, ਚੱਜ-ਕੁਚੱਜ ਆਦਿ। ਇਹ ਸ਼ਬਦ ਜੁੱਟ ਪੰਜਾਬੀ ਸਭਿਆਚਾਰ ਦੀ ਤਹਿ ਵਿਚ ਪਏ ਦਵੰਦਾਂ ਅਤੇ ਸਮਾਜਿਕ ਤਾਣੇ-ਬਾਣੇ ਦੇ ਸੂਹ ਵੀ ਦਿੰਦੇ ਨਜ਼ਰ ਆਉਂਦੇ ਹਨ।

**17. ਬਦਲ ਰਿਹਾ ਦ੍ਰਿਸ਼ (Changing scenario):**

ਸੱਭਿਆਚਾਰ ਦੀ ਗਤੀਸ਼ੀਲਤਾ ਦੇ ਅੰਤਰਗਤ ਦਰੀ ਦੇ ਨੁਕਤੇ ਤੋਂ ਆ ਰਹੇ ਲਗਾਤਾਰ ਬਦਲਾਓ ਨੂੰ ਦੋ ਪੱਧਰਾਂ 'ਤੇ ਦੇਖਿਆ ਜਾ ਸਕਦਾ ਹੈ

- **ਪਹਿਲਾ ਪ੍ਰਗਟਾਵੇ ਦੇ ਪੱਧਰ 'ਤੇ:** ਜਿਵੇਂ ਜਿਵੇਂ ਸਮਾਜ ਵਿਚ ਅਤੇ ਤਕਨਾਲੋਜੀ ਦੇ ਵਿਕਾਸ ਦਾ ਅਸਰ ਦਿਸਦਾ ਹੈ ਉਸੇ ਤਰਾਂ ਉਹ ਦਰੀ ਦੇ ਨਮੂਨਿਆਂ ਵਿਚ ਸ਼ਾਮਿਲ ਹੁੰਦਾ ਰਹਿੰਦਾ ਹੈ। ਉਦਾਹਰਨ ਵਜੋਂ ਆਵਾਜਾਈ ਦੇ ਸਾਧਨਾਂ ਦਾ ਵਿਕਾਸ ਦੇਖਣ ਲਈ ਅਸੀਂ ਦਰੀ ਦੇ ਨਮੂਨਿਆਂ ਵਿਚ ਸਾਈਕਲਾਂ ਵਾਲੀ ਦਰੀ, ਕਾਰਾਂ ਵਾਲੀ ਦਰੀ, ਜਹਾਜਾਂ ਵਾਲੀ ਦਰੀ ਦੇਖ ਸਕਦੇ ਹਾਂ। ਜਿਵੇਂ ਰੌਸ਼ਨੀ ਕਰਨ ਲਈ ਪ੍ਰਬੰਧ ਬਦਲਦੇ ਗਏ ਉਵੇਂ ਉਵੇਂ ਦਰੀਆਂ ਵਿਚ ਦੀਵਿਆਂ ਵਾਲੀ ਦਰੀ, ਗੈਸਾਂ ਵਾਲੀ ਦਰੀ , ਟਿਊਬਾਂ ਵਾਲੀ ਦਰੀ, ਲਾਈਟਾਂ ਦਾ ਜਾਲ ਵਰਗੇ ਨਮੂਨੇ ਸ਼ਾਮਿਲ ਹੁੰਦੇ ਗਏ ।

- **ਤਕਨੀਕ ਪੱਖੋਂ** ਦੇਖਿਆਂ ਦਰੀ ਬੁਣਨ ਵਾਲਾ ਅੱਡਾ ਪਹਿਲਾਂ ਕਿਸੇ ਘਰ ਅੰਦਰ ਦਲਾਨ ਦੀਆਂ ਕੰਧਾਂ ਵਿਚ ਕੁੰਡੇ ਗੱਡ ਕੇ ਬਣਾਇਆ ਜਾਂਦਾ ਸੀ। ਸਮੇਂ ਦੇ ਨਾਲ-ਨਾਲ ਘੋੜੀ ਦੀ ਥਾਵੇਂ ਫੱਟੀ ਦੀ ਜੁਗਤ ਅਤੇ ਚੱਕਵੇਂ ਅੱਡੇ ਆ ਗਏ ਜਿਸ ਨੂੰ ਲੋੜ ਵੇਲੇ ਚਾਨਣ ਵਿਚ ਵੀ ਕੀਤਾ ਜਾ ਸਕਦਾ ਸੀ ਅਤੇ ਜਦੋਂ ਵਰਤੋਂ ਵਿਚ ਨਹੀਂ ਸੀ ਹੁੰਦਾ ਤਾਂ ਖੜਾ ਕੀਤਾ ਜਾ ਸਕਦਾ ਸੀ। ਮਗਰੋਂ ਦਰੀਆਂ ਵਰਗੇ ਗਲੀਚੇ ਆਟੋ ਮੋਡ ਤੇ ਬੁਣਨ ਦੀ ਜੁਗਤ ਆ ਗਈ। ਅੱਜਕੱਲ੍ਹ ਇਹ ਕੰਮ ਕਾਫੀ ਮਸ਼ੀਨੀ ਹੋ ਗਿਆ ਹੈ। ਨਕੋਦਰ ਦੇ ਮਸ਼ੀਨੀ ਗਲੀਚੇ ਬਹੁਤ ਮਸ਼ਹੂਰ ਹਨ ਜਿਨ੍ਹਾਂ ਨੇ ਦਰੀਆਂ ਦੇ ਬਦਲ ਵਜੋਂ ਥਾਂ ਲਈ ਹੈ।

- **ਵਰਤੋਂ ਪੱਖੋਂ** ਦੇਖਿਆਂ ਡਬਲਬੈੱਡ ਦੇ ਆ ਜਾਣ ਨਾਲ ਹੁਣ ਦਰੀ ਗਰਮੀ ਦੇ ਬਿਸਤਰੇ ਦੀ ਬਿਸਤਰੇ ਦੀ ਵੱਡੀ ਲੋੜ ਨਹੀਂ ਰਹੀ। ਹਾਲਾਂਕਿ ਪਿੰਡਾਂ ਕਸਬਿਆਂ ਵਿਚ ਲੋਕ ਹਾਲੇ ਵੀ ਗਰਮੀਆਂ ਵਿਚ ਬਾਹਰ ਮੰਜੇ ਡਾਹ ਕੇ ਸੌਂਦੇ ਹਨ ਅਤੇ ਦਰੀ ਵਰਤੋਂ ਵਿਚ ਹੈ। ਪਰ ਸ਼ਹਿਰਾਂ ਦਾ ਦ੍ਰਿਸ਼ ਬਦਲ ਗਿਆ ਹੈ। ਪਿੰਡ ਵੀ ਹੌਲੀ-ਹੌਲੀ ਬਦਲ ਰਹੇ ਹਨ। ਸਮੇਂ ਦੇ ਨਾਲ ਵੱਡੇ ਪਰਿਵਾਰਾਂ ਦੀਆਂ ਕੁੜੀਆਂ ਹੋਸਟਲਾਂ ਵਿਚ ਪੜ੍ਹਨ ਜਾਣ ਲਗ ਪਈਆਂ ਹਨ । ਉਨ੍ਹਾਂ ਦੇ ਰੁਝੇਵੇਂ ਦਾ ਖੇਤਰ ਬਦਲ ਗਿਆ ਹੈ। ਦਾਜ-ਦਹੇਜ ਵਿੱਚ ਬਜ਼ਾਰੂ ਵਸਤੂਆਂ ਨੇ ਵਧੇਰੇ ਥਾਂ ਲੈ ਲਈ ਹੈ। ਅਗਾਂਹਵਧੂ ਲੋਕਾਂ ਵਿਚ ਦਾਜ ਲੈਣ-ਦੇਣ ਨੂੰ ਹੁਣ ਬੁਰਾਈ ਸਮਝਿਆ ਜਾਣ ਲਗਿਆ ਹੈ। ਮਸ਼ੀਨੀਕਰਨ ਨੇ ਵੀ ਇਸ ਨਾਰੀ ਕਲਾ ਨੂੰ ਢਾਹ ਲਾਈ ਹੈ। ਅੱਜ-ਕੱਲ੍ਹ ਉੱਨ ਦੀਆਂ, ਪਲਾਸਟਿਕ ਦੇ ਲਿਫਾਫਿਆਂ ਦੀਆਂ, ਲੀਰਾਂ ਦੀਆਂ ਦਰੀਆਂ ਵੀ ਦੇਖਣ ਨੂੰ ਮਿਲ ਰਹੀਆਂ ਹਨ ।

**18. ਭਵਿੱਖ (Future) :** ਵਿਦੇਸ਼ਾਂ ਵਿਚ ਬੈਠੇ ਲੋਕਾਂ ਦਾ ਹੇਜ ਮੁੜ ਆਪਣੇ ਸਭਿਆਚਾਰ ਨਾਲ ਜਾਗ ਰਿਹਾ ਹੈ। ਘਰੇਲੂ ਦਸਤਕਾਰੀ ਵਿਚ ਦਰੀਆਂ ਦੇ ਉਦਯੋਗ ਨੂੰ ਮੁੜ ਉਭਾਰਿਆ ਜਾ ਸਕਦਾ ਹੈ। ਪਰ ਇਸ ਵਿਚ ਕੁਝ ਤਬਦੀਲੀਆਂ ਦੀ ਲੋੜ ਹੈ। ਕਿਉਂਕਿ ਦਰੀ ਧੋਤੀ ਨਹੀਂ ਜਾ ਸਕਦੀ ਇਸ ਲਈ ਇਸ ਨੂੰ ਢੱਕੇ ਬਿਨਾਂ ਵਿਛਾਇਆ ਨਹੀਂ ਜਾ ਸਕਦਾ। ਜੇ ਨਵੀਂ ਤਕਨੀਕ ਅਧੀਨ ਧਾਗਾ ਅਤੇ ਰੰਗ ਇਉਂ ਵਰਤ ਲਏ ਜਾਣ ਕਿ ਉਹ ਧੋਤਿਆਂ ਖਰਾਬ ਨਾ ਹੋਣ ਤਾਂ ਦਰੀ ਨੂੰ ਗੁਰੂ ਘਰਾਂ , ਮੰਦਰਾਂ ਅਤੇ ਘਰ ਦੇ ਡਰਾਇੰਗਰੂਮ ਵਿਚ ਵਿਛਾਇਆ ਜਾ ਸਕਦਾ ਹੈ। ਕੁਝ ਅਰਾਮ ਕੁਰਸੀਆਂ 'ਤੇ ਵਰਤੇ ਜਾਂਦੇ ਕੱਪੜੇ ਦੀ ਥਾਂ ਕੋਰੇ ਜਿਹੀ ਦਰੀ ਦੀ ਵਰਤੋਂ ਵੀ ਦੇਖਣ ਨੂੰ ਮਿਲੀ ਹੈ ਜੋ ਬਹੁਤ ਸੁਹਣੀ ਲਗਦੀ ਹੈ। ਕੁਝ ਘਰਾਂ ਦੇ ਵੱਡੇ ਡਰਾਇੰਗ ਰੂਮ ਦੇ ਦਰਵਾਜ਼ੇ ਜੋ ਦੂਹਰੇ ਗਲਾਸ ਨਾਲ ਬਣੇ ਹੋਏ ਸਨ ਉਹਨਾਂ ਅੰਦਰ ਵੀ ਦਰੀ ਫਿੱਟ ਕੀਤੀ ਹੋਈ ਮਿਲੀ। ਕਿਉਂਕਿ ਦਰੀ ਦੇ ਪਰੰਪਰਕ ਮੋਟਿਫ਼ ਬਹੁਤ ਆਕਰਸ਼ਿਤ ਕਰਦੇ ਹਨ , ਥੋੜ੍ਹੇ ਜਿਹੇ ਬਦਲਾਉ ਨਾਲ ਇਸ ਦੀ ਅੰਤਰਾਸ਼ਟਰੀ ਮੰਡੀ ਵਿਚ ਮੰਗ ਵੱਧ ਸਕਦੀ ਹੈ। ਦਰੀਆਂ ਦੇ ਘਰੇਲੂ ਉਦਯੋਗ ਨੂੰ ਬਚਾਉਣ ਲਈ ਰਾਜ ਸਰਕਾਰ ਨੂੰ ਵੀ ਇਸ ਵੱਲ ਧਿਆਨ ਦੇਣਾ ਚਾਹੀਦਾ ਹੇ। ਹੁਣ ਜੇ ਉਦਯੋਗਿਕ ਵੱਡੇ ਪੱਧਰ ਤਿਆਰ ਹੋਣਾ ਆਰੰਭ ਹੁੰਦੀਆਂ ਹਨ ਤਾਂ ਜ਼ਰੂਰੀ ਨਹੀਂ ਇਹ ਕਿੱਤਾ ਔਰਤਾਂ ਦੇ ਹੱਥਾਂ ਵਿਚ ਹੀ ਰਹੇ। ਜਿਵੇਂ ਹੋਰਨਾਂ ਮਰਦਾਵੇਂ ਕਿੱਤਿਆਂ ਵਿਚ ਔਰਤਾਂ ਦੀ ਸ਼ਮੂਲੀਅਤ ਵੱਧ ਰਹੀ ਹੈ ਉਵੇਂ ਸੁਭਾਵਿਕ ਹੀ ਇਸ ਕਿੱਤੇ ਵਿਚ ਵੀ ਮਰਦਾਂ

ਦੀ ਸ਼ਮੂਲੀਅਤ ਵਧੇਗੀ। ਮਰਦ-ਔਰਤ ਦੇ ਨੁਕਤੇ ਤੋਂ ਉੱਪਰ ਉਠ ਕੇ ਹੁਣ ਸਾਡਾ ਮੁਖ ਮਕਸਦ ਦਸਤਕਾਰੀ ਦੀ ਇਸ ਵਿਰਾਸਤ ਨੂੰ ਵਰਤੋਂ ਯੋਗਤਾ ਦੇ ਪੈਮਾਨੇ 'ਤੇ ਲਿਆ ਕੇ ਤੁਰਦੇ ਰੱਖਣਾ ਹੈ। ਮੰਡੀ ਵਿਚ ਮੰਗ ਬਣਾ ਕੇ ਇਸ ਨੂੰ ਸ਼ੌਕ ਤੋਂ ਅੱਗੇ ਪੇਸ਼ੇ ਤੱਕ ਤੋਰਨਾ ਹੈ। ਉਂਜ ਵੀ ਅੱਜਕੱਲ੍ਹ ਐਂਟੀਕ ਮੁੜ ਫੈਸ਼ਨ ਵਿਚ ਹੈ। ਪੁਰਾਤਨ ਕਲਾਵਾਂ ਦਾ ਫੈਸ਼ਨ ਹੈ। ਇਸ ਉੱਦਮ ਸਦਕਾ ਸ਼ੌਂਕੀਆਂ ਨੂੰ ਵੀ ਅਤੇ ਲੋੜਵੰਦਾਂ ਨੂੰ ਵੀ ਆਹਰ ਮਿਲਦਾ ਰਹੇ ਅਜਿਹੇ ਯਤਨਾਂ ਦੀ ਵੱਡੇ ਪੱਧਰ 'ਤੇ ਲੋੜ ਹੈ।

**19. ਸਾਰ-ਅੰਸ਼**

ਪੰਜਾਬ ਦੀ ਦਸਤਕਾਰੀ (weaving and textile ) ਵਿਚ 'ਦਰੀ' material culture ਦਾ ਅਹਿਮ ਹਿੱਸਾ ਹੈ ਜੋ ਔਰਤਾਂ ਵੱਲੋਂ ਤਿਆਰ ਕੀਤੀ ਜਾਂਦੀ ਹੈ। ਪੰਜਾਬ ਦੀ ਔਰਤ, ਘਰ ਸੰਭਾਲਣ, ਖੇਤੀਬਾੜੀ ਵਿੱਚ ਹੱਥ ਵਟਾਉਣ ਦੇ ਨਾਲ-ਨਾਲ ਇੱਕ ਚੰਗੀ ਕਲਾਕਾਰ ਵੀ ਹੈ। ਉਹ ਮੁਹੱਬਤ ਕਰਨਾ ਵੀ ਜਾਣਦੀ ਹੈ ਅਤੇ ਆਪਣੀਆਂ ਸੰਵੇਦਨਾਵਾਂ ਨੂੰ ਕਲਾ ਦੇ ਵਿਭਿੰਨ ਮਾਧਿਅਮਾਂ ਰਾਹੀਂ ਵਿਅਕਤ (express) ਵੀ ਕਰਦੀ ਆਈ ਹੈ। ਪੰਜਾਬ ਦੀ ਔਰਤ ਦੀ ਹਸਤ ਕਲਾ (handicraft) ਦੁਨੀਆਂ ਭਰ ਵਿਚ ਮਸ਼ਹੂਰ ਹੈ। ਆਪਣੇ ਇਸ ਖੋਜ-ਪੱਤਰ ਵਿਚ ਮੈਂ ਔਰਤਾਂ ਵੱਲੋਂ ਤਿਆਰ ਕੀਤੀ ਜਾਂਦੀ 'ਦਰੀ' ਨੂੰ ਇੱਕ ਟੈਕਸਟ ਵਜੋਂ ਲਿਆ ਹੈ ਅਤੇ ਪੰਜਾਬ ਦੇ ਸੱਭਿਆਚਾਰਕ ਸੰਦਰਭ (context) ਵਿਚ ਇਸਦੇ ਪਾਠ ਨੂੰ ਸਮਝਣ ਦਾ ਯਤਨ ਕੀਤਾ ਹੈ। 'ਦਰੀ' ਲੋਕ ਦਸਤਕਾਰੀ ਦਾ ਇੱਕ ਵਿਲੱਖਣ ਰੂਪ ਹੈ ਜੋ ਪੰਜਾਬੀ ਬਿਸਤਰੇ ਦਾ ਅਭਿੰਨ ਅੰਗ ਰਹੀ ਹੈ। ਦਰੀਆਂ ਬੁਣਨ ਦੀ ਪਰੰਪਰਾ ਵੀ ਕਈ ਸਦੀਆਂ (century)ਪੁਰਾਣੀ ਹੈ। ਗਰਮੀਆਂ ਦੇ ਵੱਡੇ ਦਿਨਾਂ ਵਿਚ ਦਰੀਆਂ ਬੁਣਨ ਦਾ ਕੰਮ ਹੁੰਦਾ ਹੈ। ਇਸਦਾ ਅੱਡਾ ਨਵੀਂ ਪੀੜ੍ਹੀ ਦੀ ਕੁੜੀਆਂ ਲਈ ਅਨੇਕਾਂ ਪ੍ਰਕਾਰ ਦੀ ਸਿਖਲਾਈ ਦਾ ਕੇਂਦਰ (training centre) ਵੀ ਹੁੰਦਾ ਹੈ ਅਤੇ ਮਨੋਵੇਗਾਂ (emotions) ਦੇ ਕਥਾਰਸਸ ਦਾ ਰਾਹ ਵੀ । ਵੱਡੀ ਪੀੜ੍ਹੀ ( old generation) ਆਪਣੀ ਦਸਤਕਾਰੀ ਦੀ ਇਸ ਪਰੰਪਰਾ ਨੂੰ ਨਵੀਂ ਪੀੜ੍ਹੀ ਰਾਹੀਂ ਅੱਗੇ ਤੋਰਦੀ ਹੈ। ਇਸੇ ਲਈ ਦਰੀ ਆਮ ਤੌਰ ਤੇ ਇੱਕ ਵੱਡੀ ਉਮਰ ਦੀ ਔਰਤ ਅਤੇ ਇਕ ਨੌਜਵਾਨ ਕੁੜੀ ਵੱਲੋਂ ਰਲ ਕੇ ਬੁਣੀ ਜਾਂਦੀ ਹੈ। 'ਦਰੀ' ਦੇ ਪਾਠ ਰਾਹੀਂ ਔਰਤ ਦੇ ਅਨੇਕਾਂ ਸਮਾਜਿਕ, ਸੱਭਿਆਚਾਰਕ, ਮਨੋਵਿਗਿਆਨਕ ਅਤੇ ਸੁਹਜਾਤਮਕ ਪਾਸਾਰ ਸਾਹਮਣੇ ਆਉਂਦੇ ਹਨ। ਖੋਜ-ਪੱਤਰ ਵਿਚ ਪੰਜਾਬੀ ਸੱਭਿਆਚਾਰ ਦੇ ਸੰਦਰਭ ਵਿਚ 'ਦਰੀ' ਦਾ ਇੱਕ ਪਾਠ ਸਿਰਜਣ ਦਾ ਯਤਨ ਕੀਤਾ ਹੈ ਜਿਸ ਵਿਚ ਇਸ ਦੀ structure, ਸਮੱਗਰੀ, ਨਮੂਨੇ, ਮੋਟਿਫ ਨੂੰ ਸਮਝਣ ਦੇ ਨਾਲ-ਨਾਲ ਸਮਾਜ ਵਿਚ ਲਿੰਗ, ਸ਼ਕਤੀ, ਆਰਥਿਕ ਪਾੜੇ ਦੀਆਂ ਅਲਾਮਤਾਂ ਦੇ ਨਾਲ-ਨਾਲ ਦੇਸ ਛੱਡਣ ਦਾ ਉਦਰੇਵਾਂ ਵਰਗੇ ਪੰਜਾਬੀ ਸਮਾਜ ਦੇ ਪੱਖ ਵੀ ਉਜਾਗਰ ਹੁੰਦੇ ਦਿਸਦੇ ਹਨ। ਪੰਜਾਬੀ ਔਰਤ ਆਪਣੀ ਇਸ ਵੇਦਨਾ ਨੂੰ ਲੋਕ ਗੀਤਾਂ, ਕਥਾ-ਕਹਾਣੀਆਂ ਵਿਚ ਵਿਅਕਤ ਕਰਦੀ ਆਈ ਹੈ। ਜਿਹੜੇ ਗੀਤ ਜਾਂ ਕਥਾਵਾਂ ਉਸਨੂੰ ਆਪਣੇ ਮਨ ਦੇ ਦਰਦ ਦਾ ਪ੍ਰਗਟਾਵਾ ਲਗਦੀਆਂ ਹਨ ਉਹਨਾਂ ਨੂੰ ਦਰੀਆਂ ਦੇ ਨਮੂਨਿਆਂ ਵਿਚ ਸ਼ਾਮਿਲ ਕਰਨ ਦੀ ਸੰਭਵ ਕੋਸ਼ਿਸ਼ ਵੀ ਕਰਦੀ ਹੈ। ਇਹ ਲੋਕ ਮਨ ਦੇ ਪ੍ਰਗਟਾਵੇ ਦਾ ਦੂਹਰਾ ਧਰਾਤਲ ਹੈ ਜੋ ਫੋਕਲੋਰ ਤੋਂ ਦਸਤਕਾਰੀ ਵਿਚ ਬੁਣਿਆ ਜਾਂਦਾ ਹੈ। ਕਿਉਂਕਿ ਸੱਭਿਆਚਾਰ ਇਕ ਲਗਤਾਰ ਗਤੀਸ਼ੀਲ ਵਰਤਾਰਾ ਵੀ ਹੈ ਸਮੇਂ ਦੇ ਬਦਲਣ ਨਾਲ ਇਸਦੀਆਂ ਦਸਤਕਾਰੀ ਵਰਗੀਆਂ ਕਲਾਵਾਂ ਵਿਚ ਤਬਦੀਲੀ ਵੀ ਲਾਜ਼ਮੀ ਅਤੇ ਸੁਭਾਵਿਕ ਹੈ। ਇਸ ਪਾਠ ਰਾਹੀਂ ਅਜੋਕੇ ਸਮੇਂ ਵਿਚ ਬਦਲ ਰਹੇ ਦ੍ਰਿਸ਼ ਨੂੰ ਪੜ੍ਹਨ ਦੇ ਨਾਲ-ਨਾਲ ਇਸ ਵਿਚ ਪਏ ਇਸ ਦੇ ਭਵਿੱਖ ਅਤੇ ਸੰਭਾਵਨਾਵਾਂ ਨੂੰ ਦੇਖਣ ਦਾ ਯਤਨ ਵੀ ਕੀਤਾ ਹੈ। ਕਿਉਂ ਜੋ ਪੁਰਏਤਨ ਕਲਾਵਾਂ ਵਿਸ਼ਵ-ਮੰਡੀ ਵਿਚ ਮੁੜ ਫੈਸ਼ਨ ਵਿਚ ਹਨ ਤਾਂ ਕੁਝ ਮੂਲ-ਭੂਤ ਤਬਦੀਲੀਆਂ ਦੇ ਨਾਲ ਇਸ ਵਿਰਾਸਤੀ ਕਲਾ-ਵਸਤ ਨੂੰ ਮੁੜ ਵਿਸ਼ਵ ਮੰਡੀ ਵਿਚ ਉਭਾਰਿਆ ਜਾ ਸਕਦਾ ਹੈ।

---

**Important books**

1. ਪੰਜਾਬ ਦਾ ਲੋਕ ਵਿਰਸਾ-II, ਡਾ. ਕਰਨੈਲ ਸਿੰਘ ਥਿੰਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ-2007.
2. ਪੰਜਾਬ ਦੀ ਲੋਕ ਕਲਾ, ਡਾ. ਹਰਜੀਤ ਸਿੰਘ, , ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ- 2005.
3. ਪੰਜਾਬ ਦੇ ਗਹਿਣੇ, ਸ਼ਿਲਪ ਰੂਪ ਅਤੇ ਸਭਿਆਚਾਰ, ਡਾ. ਤੇਜਿੰਦਰ ਹਰਜੀਤ, ਹਰਤੇਜ ਪ੍ਰਕਾਸ਼ਨ ਜਲੰਧਰ-1998.
4. ਪੰਜਾਬੀ ਸਭਿਆਚਾਰ ਪਛਾਣ ਚਿੰਨ, ਡਾ.ਜਸਵਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ.
5. ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪ੍ਰੋ.ਗੁਰਬਖ਼ਸ਼ ਸਿੰਘ ਫਰੈਕ,
6. **Cultural Studies Reader** by Simon During (Editor), April, 2007
7. **Cultural Studies in the Future Tense** by Lawrence Grossberg, November, 2010
8. **Cultural Studies** by Chris Barker, December, 2011
9. **What Is Cultural Studies?** by John Storey (Editor), September, 2009.
10. Punjab Lok Kala : Report of Preliminari Study Tour of Punjab Folk Art, Craft & Architecture , Marek Jakubowski Maryla Podarewska-Jakubowska, Autarjeet F Dhanjal, Elisabeth Ledward, Hiroshi Mikami, Friends of Punjab (January 1, 1978
11. Symbols, Pattern & Symmetry : the cultural Significance of structure, Michael Hann, Bloomsburry Publishing plc USA, 2013
12. Symmetry comes of Age: the role of Patterns in culture, Dorothy K. Washburn and Donald W. Crowe (editors), University of Washington Press, Seattle & London, 2004.

**<u>*Bio data of Dr Jagdish Kaur</u>**

(**Associate**) IInd spell (October, 2021.) dishajogipau@yahoo.in , mobile : 92564 46863

B.A. Hons , M.A. Hons. (Punjabi and Anthropological Linguistics),

M. Phil , Ph.D, NET

**Designation:** Professor of Punjabi

Former Additional Director Communication & HOD Dept of AJL&C

Punjab Agricultural University Ludhiana (Punjab)

Teaching Experience : more than 27 years

Handled Two major UGC research project (UGC, Delhi)

Authored :

1. **Books 08* ( poetry, literary criticism, editing and translation )**
2. **Books Chapter 11**
3. **Research Articles 17**
4. **Course Manual 05**
5. **National & International conferences – 32+03**

Topic **: Reading '*Dari*' as a Cultural Text of Punjab**